Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 111 | Tuesday, June 07, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਟੋਰਾਂਟੋ ਤੇ ਨਾਲ ਲੱਗਦੇ ਇਲਾਕਿਆਂ ਵਿੱਚ ਭਾਰੀ ਮੀਂਹ ਆਉਣ ਦੀ ਸੰਭਾਵਨਾ



ਟੋਰਾਂਟੋ, 6 ਜੂਨ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਟੋਰਾਂਟੋ ਤੇ ਇਸ ਦੇ ਨਾਲ ਲੱਗਦੇ ਇਲਾਕੇ ਵਿੱਚ ਭਾਰੀ ਮੀਂਹ ਪੈਣ ਤੇ ਗਰਜ ਚਮਕ ਨਾਲ ਤੂਫਾਨ ਆਉਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ।

ਇੱਕ ਨਿਊਜ਼ ਰਲੀਜ਼ ਵਿੱਚ ਏਜੰਸੀ ਨੇ ਆਖਿਆ ਕਿ ਮੀਂਹ ਸੋਮਵਾਰ ਰਾਤ ਨੂੰ ਸ਼ੁਰੂ ਹੋ ਕੇ ਘੱਟੋ ਘੱਟ ਮੰਗਲਵਾਰ ਦੀ ਸ਼ਾਮ ਤੱਕ ਜਾਰੀ ਰਹਿ ਸਕਦਾ ਹੈ। ਐਨਵਾਇਰਮੈਂਟ ਕੈਨੇਡਾ ਨੇ ਆਖਿਆ ਕਿ ਮੀਂਹ ਤੇ ਗਰਜ ਚਮਕ ਨਾਲ ਤੂਫਾਨ ਵਾਲਾ ਇਹ ਮੌਸਮ ਪੂਰੇ ਰੀਜਨ ਵਿੱਚ ਫੈਲਣ ਦੀ ਸੰਭਾਵਨਾ ਹੈ। ਇਸ ਦੌਰਾਨ 25 ਤੋਂ 50 ਮਿਲੀਮੀਟਰ ਤੱਕ ਮੀਂਹ ਪੈ ਸਕਦਾ ਹੈ ਤੇ ਜਿੱਥੇ ਗਰਜ ਚਮਕ ਨਾਲ ਤੂਫਾਨ ਆਉਣ ਦੀ ਚੇਤਾਵਨੀ ਦਿੱਤੀ ਗਈ ਹੈ ਉੱਥੇ ਮੀਂਹ ਹੋਰ ਜ਼ਿਆਦਾ ਮਾਤਰਾ ਵਿੱਚ ਪੈ ਸਕਦਾ ਹੈ।

ਮੰਗਲਵਾਰ ਸ਼ਾਮ ਤੱਕ ਮੀਂਹ ਪੈਣਾ ਬੰਦ ਹੋ ਸਕਦਾ ਹੈ। ਪਰ ਇਸ ਤੋਂ ਬਾਅਦ ਠੰਢ ਵਧਣ ਦੀ ਉਮੀਦ ਹੈ। ਸਪੈਸ਼ਲ ਵੈਦਰ ਦੀ ਜਿੰਨ੍ਹਾਂ ਹੋਰਨਾਂ ਇਲਾਕਿਆਂ ਵਿੱਚ ਚੇਤਾਵਨੀ ਦਿੱਤੀ ਗਈ ਹੈ ਉਨ੍ਹਾਂ ਵਿੱਚ ਹੈਮਿਲਟਨ, ਹਾਲਟਨ, ਪੀਲ ਰੀਜਨਜ਼, ਨਾਇਗਰਾ ਦੇ ਨਾਲ ਨਾਲ ਯੌਰਕ ਤੇ ਦਰਹਾਮ ਰੀਜਨ ਸ਼ਾਮਲ ਹਨ।

ਗ੍ਰੇਟਰ ਟੋਰਾਂਟੋ ਏਰੀਆ ਵਿੱਚ ਇਸ ਸਮੇਂ ਤਾਪਮਾਨ 20 ਡਿਗਰੀ ਸੈਲਸੀਅਸ ਤੋਂ ਹੇਠਾਂ ਚੱਲ ਰਿਹਾ ਹੈ। ਮੰਗਲਵਾਰ ਨੂੰ ਇਹ ਤਾਪਮਾਨ 10 ਡਿਗਰੀ ਤੋਂ ਹੇਠਾਂ ਜਾ ਸਕਦਾ ਹੈ ਤੇ ਬੁੱਧਵਾਰ ਨੂੰ ਵਾਪਿਸ ਪਹਿਲਾਂ ਵਾਲੀ ਥਾਂ ਆ ਸਕਦਾ ਹੈ।

## ਗੈਰਜ਼ਿੰਮੇਵਰਾਨਾ ਸੀ ਕੈਨੇਡੀਅਨ ਜਹਾਜ਼ਾਂ ਪ੍ਰਤੀ ਚੀਨ ਦੀ ਕਾਰਵਾਈ : ਟਰੂਡੋ



ਓਟਵਾ, 6 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਸੰਯੁਕਤ ਰਾਸ਼ਟਰ ਦੇ ਮਿਸ਼ਨ ਵਿੱਚ ਹਿੱਸਾ ਲੈ ਰਹੇ ਕੈਨੇਡੀਅਨ ਜਹਾਜ਼ਾਂ ਦੇ ਸਬੰਧ ਵਿੱਚ ਚੀਨ ਦੇ ਪਾਇਲਟਸ ਦੀ ਕਾਰਵਾਈ ਬਹੁਤ ਹੀ ਗੈਰਜ਼ਿੰਮੇਵਰਾਨਾਂ ਤੇ ਭੜਕਾਊ ਸੀ। ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਉੱਤਰੀ ਕੋਰੀਆ ਖਿਲਾਫ ਪਾਬੰਦੀਆਂ ਨੂੰ ਲਾਗੂ ਕਰਨ ਲਈ ਪੈਸੇਫਿਕ ਓਸ਼ਨ ਵਿੱਚ ਸੰਯੁਕਤ ਰਾਸ਼ਟਰ ਦੇ ਮਿਸ਼ਨ ਤਹਿਤ ਹਿੱਸਾ ਲੈ ਰਹੇ ਕੈਨੇਡੀਅਨ ਜਹਾਜ਼ਾਂ ਪ੍ਰਤੀ ਚੀਨ ਦੀ ਗਤੀਵਿਧੀ ਨਿੰਦਾਯੋਗ ਸੀ। ਉਨ੍ਹਾਂ ਆਖਿਆ ਕਿ ਅਸੀਂ ਇਹ ਵੀ ਆਖਾਂਗੇ ਕਿ ਚੀਨ ਵੱਲੋਂ ਸੰਯੁਕਤ ਰਾਸ਼ਟਰ ਦੇ ਫੈਸਲਿਆਂ ਦੀ ਕੋਈ ਕਦਰ ਨਹੀਂ ਕੀਤੀ ਜਾ ਰਹੀ।

ਪਿਛਲੇ ਹਫਤੇ ਕੈਨੇਡੀਅਨ ਫੌਜ ਨੇ ਇਹ ਦੋਸ਼ ਲਾਇਆ ਸੀ ਕਿ ਚੀਨ ਦੇ ਜਹਾਜ਼ ਕਈ ਵਾਰੀ ਕੌਮਾਂਤਰੀ ਸੇਫਟੀ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਤੇ ਉਨ੍ਹਾਂ ਵੱਲੋਂ ਕੈਨੇਡੀਅਨ ਅਮਲੇ ਨੂੰ ਵੀ ਖਤਰੇ ਵਿੱਚ ਪਾ ਦਿੱਤਾ ਗਿਆ। ਇੱਕ ਬਿਆਨ ਵਿੱਚ ਆਖਿਆ ਗਿਆ ਕਿ ਚੀਨ ਦੇ ਜਹਾਜ਼ਾਂ ਨੇ ਕੈਨੇਡਾ ਦੇ ਲੰਮੀਂ ਰੇਂਜ ਵਾਲੇ ਜਹਾਜ਼ ਦਾ ਰਾਹ ਬਦਲਣ ਦੀ ਕੋਸ਼ਿਸ਼ ਕੀਤੀ ਗਈ ਤੇ ਕੈਨੇਡੀਅਨ ਅਮਲੇ ਨੂੰ ਸੰਭਾਵੀ ਹਾਦਸੇ ਨੂੰ ਰੋਕਣ ਲਈ ਦਿਸ਼ਾ ਬਦਲਣੀ ਪਈ। ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਇਸ ਤਰ੍ਹਾਂ ਦੀਆਂ ਹਰਕਤਾਂ ਚਿੰਤਾ ਦਾ ਕਾਰਨ ਹਨ ਤੇ ਇਨ੍ਹਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

## ਤਿੰਨ ਡੋਜ਼ਾਂ ਲਵਾਉਣ ਵਾਲਿਆਂ ਨੂੰ ਮੰਨਿਆ ਜਾਵੇਗਾ ਪੂਰੀ ਤਰ੍ਹਾਂ ਵੈਕਸੀਨੇਟਿਡ!



ਟੋਰਾਂਟੋ, 6 ਜੂਨ (ਪੋਸਟ ਬਿਊਰੋ) : ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਦੇ ਪ੍ਰਭਾਵ ਬਾਰੇ ਕਈ ਸਬੂਤ ਸਾਹਮਣੇ ਆਉਣ ਤੋਂ ਬਾਅਦ ਮਾਹਿਰਾਂ ਦਾ ਕਹਿਣਾ ਹੈ ਕਿ ਪਬਲਿਕ ਹੈਲਥ ਅਧਿਕਾਰੀ ਪੂਰੀ ਤਰ੍ਹਾਂ ਵੈਕਸੀਨੇਟਿਡ (ਫੁਲੀ ਵੈਕਸੀਨੇਟਿਡ) ਦੀ ਪਰੀਭਾਸ਼ਾ ਬਦਲ ਸਕਦੇ ਹਨ ਤੇ ਉਨ੍ਹਾਂ ਨੂੰ ਹੀ ਪੂਰੀ ਤਰ੍ਹਾਂ ਵੈਕਸੀਨੇਟਿਡ ਮੰਨਿਆ ਜਾਵੇਗਾ ਜਿੰਨ੍ਹਾਂ ਨੂੰ ਬੂਸਟਰ ਡੋਜ਼ ਵੀ ਲੱਗ ਚੁੱਕੀ ਹੈ।

ਯੂਨੀਵਰਸਿਟੀ ਆਫ ਟੋਰਾਂਟੋ ਦੇ ਇਨਫੈਕਸ਼ੀਅਸ ਡਜ਼ੀਜ਼ ਐਪਿਡੇਮੌਲੋਜਿਸਟ ਕੌਲਿਨ ਫਰਨੈੱਸ ਨੇ ਆਖਿਆ ਕਿ ਸ਼ੁਰੂ ਵਿੱਚ ਜਦੋਂ ਸਾਰਸ-ਕੋਵ-2 ਵੈਕਸੀਨਜ਼ ਕੈਨੇਡਾ ਵਿੱਚ ਉਪਲਬਧ ਹੋਈਆਂ ਸਨ ਤਾਂ ਜੌਹਨਸਨ ਐਂਡ ਜੌਹਨਸਨ ਨੂੰ ਛੱਡ ਕੇ ਬਾਕੀ ਵੈਕਸੀਨਜ਼ ਦੋ ਡੋਜ਼ਾਂ ਲਈ ਹੀ ਤਿਆਰ ਅਤੇ ਟੈਸਟ ਕੀਤੀਆਂ ਗਈਆਂ ਸਨ। ਚਾਈਨੀਜ਼ ਯੂਨੀਵਰਸਿਟੀ ਆਫ ਹਾਂਗ ਕਾਂਗ ਵੱਲੋਂ ਜਾਰੀ ਕੀਤੇ ਗਏ ਨਵੇਂ ਮੈਟਾ ਅਨੈਲੇਸਿਜ਼ ਵਿੱਚ ਵੱਖ ਵੱਖ ਵੈਕਸੀਨਜ਼ ਦੇ ਕਾਂਬੀਨੇਸ਼ਨਜ਼ ਦੀ ਸਾਰਥਕਤਾ ਤੇ ਅਸਰ ਦਾ ਮੁਲਾਂਕਣ ਕੀਤਾ ਗਿਆ। 100 ਮਿਲੀਅਨ ਲੋਕਾਂ ਦੀ ਸ਼ਮੂਲੀਅਤ ਵਾਲੇ 53 ਅਧਿਐਨ ਵਿੱਚ ਪਾਇਆ ਗਿਆ ਕਿ ਕੋਵਿਡ-19 ਇਨਫੈਕਸ਼ਨ ਖਿਲਾਫ ਹਿਫਾਜ਼ਤ ਲਈ ਐਮਆਰਐਨਏ ਵੈਕਸੀਨ ਦੀਆਂ ਤਿੰਨ ਡੋਜ਼ ਕਾਫੀ ਹਨ। ਇਨ੍ਹਾਂ ਅਧਿਐਨ ਵਿੱਚ ਪਾਇਆ ਗਿਆ ਕਿ 96 ਫੀ ਸਦੀ ਮਾਮਲਿਆਂ ਵਿੱਚ ਭਾਵੇਂ ਉਹ ਸਿੰਪਟੋਮੈਟਿਕ ਹੋਣ ਜਾਂ ਏਸਿੰਪਟੋਮੈਟਿਕ ਇਨ੍ਹਾਂ ਵੈਕਸੀਨਜ਼ ਦੀਆਂ ਤਿੰਨ ਡੋਜ਼ਾਂ ਕਾਫੀ ਕਾਰਗਰ ਹਨ।

ਇੱਥੇ ਹੀ ਬੱਸ ਨਹੀਂ ਕੋਵਿਡ-19 ਨਾਲ ਸਬੰਧਤ ਮਰੀਜ਼ਾਂ ਨੂੰ ਹਸਪਤਾਲ ਦਾਖਲ ਕਰਨ ਦੀ ਵੀ 95 ਮਾਮਲਿਆਂ ਵਿੱਚ ਲੋੜ ਨਹੀਂ ਪਈ। ਅਧਿਐਨ ਵਿੱਚ ਇਹ ਵੀ ਪਾਇਆ ਗਿਆ ਕਿ ਕੋਵਿਡ-19 ਦੇ ਓਮਾਈਕ੍ਰੌਨ ਵੇਰੀਐਂਟ ਨਾਲ ਹੋਣ ਵਾਲੀ ਇਨਫੈਕਸ਼ਨ ਤੋਂ ਬਚਣ ਲਈ ਤਿੰਨ ਡੋਜ਼ਾਂ ਤਾਂ ਜ਼ਰੂਰੀ ਹਨ। ਪਰ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ ਅਜੇ ਤੱਕ ਕੋਵਿਡ-19 ਵੈਕਸੀਨ ਦੀਆਂ ਦੋ ਡੋਜ਼ਾਂ ਲੈਣਾ ਹੀ ਸੰਪੂਰਨ ਟੀਕਾਕਰਣ ਦਾ ਹਿੱਸਾ ਮੰਨਿਆ ਜਾ ਰਿਹਾ ਹੈ ਪਰ ਆਉਣ ਵਾਲੇ ਸਮੇਂ ਵਿੱਚ ਏਜੰਸੀ ਕੀ ਫੈਸਲਾ ਕਰੇਗੀ ਇਹ ਤਾਂ ਵਕਤ ਹੀ ਦੱਸੇਗਾ।

## ਸਕਰਿਊਡਰਾਈਵਰ ਨਾਲ ਧਮਕਾ ਕੇ ਡਰਾਈਵਰ ਤੋਂ ਖੋਹੀ ਗੱਡੀ



ਬਰੈਂਪਟਨ, 6 ਜੂਨ (ਪੋਸਟ ਬਿਊਰੋ) : ਬਰੈਂਪਟਨ ਵਿੱਚ ਦਿਨ ਦਿਹਾੜੇ ਵਾਪਰੀ ਕਾਰਜੈਕਿੰਗ ਦੀ ਘਟਨਾ ਤੋਂ ਬਾਅਦ ਪੀਲ ਰੀਜਨਲ ਪੁਲਿਸ ਇੱਕ ਮਸ਼ਕੂਕ ਦੀ ਭਾਲ ਕਰ ਰਹੀ ਹੈ। ਇਸ ਘਟਨਾ ਵਿੱਚ ਮਸ਼ਕੂਕ ਵੱਲੋਂ ਕਥਿਤ ਤੌਰ ਉੱਤੇ ਡਰਾਈਵਰ ਨੂੰ ਸਕਰਿਊਡਰਾਈਵਰ ਨਾਲ ਧਮਕਾ ਕੇ ਗੱਡੀ ਖੋਹ ਲਈ ਗਈ।

ਕਾਰਜੈਕਿੰਗ ਦੀ ਖਬਰ ਮਿਲਣ ਤੋਂ ਬਾਅਦ ਪੁਲਿਸ ਸਟੀਲਜ਼ ਐਵਨਿਊ ਈਸਟ ਤੇ ਐਡਵਾਂਸ ਬੋਲੀਵਾਰਡ ਏਰੀਆ ਵਿੱਚ ਪਹੁੰਚੀ। ਪੁਲਿਸ ਨੇ ਦੱਸਿਆ ਕਿ ਗ੍ਰੇਅ ਰੰਗ ਦੀ ਹਿਉਂਡਾਇ ਸੋਨਾਟਾ, ਜਿਸ ਦੀ ਲਾਇਸੰਸ ਪਲੇਟ ਸੀਜੇਐਕਸਐਫ 708 ਹੈ, ਚੋਰੀ ਕਰਨ ਤੋਂ ਪਹਿਲਾਂ ਮਸ਼ਕੂਕ ਨੇ ਇੱਕ ਹੋਰ ਵਿਅਕਤੀ ਨੂੰ ਵੀ ਧਮਕਾਇਆ।

ਉਸ ਵਿਅਕਤੀ ਨੂੰ ਕਿਸੇ ਤਰ੍ਹਾਂ ਦਾ ਸ਼ਰੀਰਕ ਨੁਕਸਾਨ ਨਹੀਂ ਪਹੁੰਚਾਇਆ ਗਿਆ। ਮਸ਼ਕੂਕ ਦੇ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਹ ਸਾਊਥ ਏਸ਼ੀਅਨ ਹੈ, ਉਸ ਦੀ ਉਮਰ 32 ਤੋਂ 35 ਸਾਲ ਦਰਮਿਆਨ, ਕੱਦ ਕਾਠੀ ਦਰਮਿਆਨੀ ਹੈ ਤੇ ਉਸ ਨੂੰ ਆਖਰੀ ਵਾਰੀ ਕਾਲੇ ਰੰਗ ਦੀ ਹੁਡੀ ਪਾਇਆਂ ਵੇਖਿਆ ਗਿਆ।

## ਚੀਨ ਨੇ ਕੈਨੇਡਾ ਨੂੰ ਉਕਸਾਏ ਜਾਣ ਉੱਤੇ ਮਾੜੇ ਨਤੀਜੇ ਭੁਗਤਣ ਦੀ ਦਿੱਤੀ ਚੇਤਾਵਨੀ

ਬੀਜਿੰਗ, 6 ਜੂਨ (ਪੋਸਟ ਬਿਊਰੋ) : ਉੱਤਰੀ ਕੋਰੀਆ ਵੱਲੋਂ ਕਥਿਤ ਤੌਰ ਉੱਤੇ ਪਾਬੰਦੀਆਂ ਦੀ ਉਲੰਘਣਾਂ ਕੀਤੇ ਜਾਣ ਦੇ ਮਾਮਲੇ ਦੀ ਨਿਗਰਾਨੀ ਕਰ ਰਹੇ ਕੈਨੇਡਾ ਦੇ ਜਹਾਜ਼ਾਂ ਨੂੰ ਚੀਨ ਦੇ ਲੜਾਕੂ ਜਹਾਜ਼ਾਂ ਵੱਲੋਂ ਤੰਗ ਪਰੇਸ਼ਾਨ ਕਰਨ ਦੇ ਲਾਏ ਗਏ ਦੋਸ਼ਾਂ ਦਾ ਚੀਨ ਵੱਲੋਂ ਖੰਡਨ ਕੀਤਾ ਗਿਆ। ਚੀਨ ਦੇ ਵਿਦੇਸ਼ ਮੰਤਰੀ ਵੱਲੋਂ ਸੋਮਵਾਰ ਨੂੰ ਕੈਨੇਡਾ ਨੂੰ ਚੇਤਾਵਨੀ ਦਿੱਤੀ ਗਈ ਕਿ ਜੇ ਇਸ ਤਰ੍ਹਾਂ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤਾ ਗਿਆ ਜਾਂ ਉਕਸਾਇਆ ਗਿਆ ਤਾਂ ਇਸ ਦੇ ਮਾੜੇ ਨਤੀਜੇ ਭੁਗਤਣੇ ਪੈਣਗੇ।

ਇੱਕ ਮੀਡੀਆ ਬ੍ਰੀਫਿੰਗ ਦੌਰਾਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜਾਓ ਲਿਜੀਆਨ ਨੇ ਆਖਿਆ ਕਿ ਸੰਯੁਕਤ ਰਾਸ਼ਟਰ ਦੀ ਸਕਿਊਰਿਟੀ ਕਾਊਂਸਲ ਵੱਲੋਂ ਪਾਬੰਦੀਆਂ ਲਾਗੂ ਕਰਵਾਉਣ ਦੇ ਨਾਂ ਉੱਤੇ ਕਿਸੇ ਵੀ ਦੇਸ਼ ਨੂੰ ਦੂਜੇ ਦੇਸ਼ ਦੇ ਸਮੁੰਦਰੀ ਪਾਣੀਆਂ ਜਾਂ ਹਵਾਈ ਸਪੇਸ ਵਿੱਚ ਫੌਜੀ ਨਿਗਰਾਨੀ ਦੀ ਖੁੱਲ੍ਹ ਨਹੀਂ ਦਿੱਤੀ ਗਈ।



ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਹਫਤੇ ਇਹ ਆਖਿਆ ਸੀ ਕਿ ਕੈਨੇਡਾ ਨੌਰਥ ਪੈਸੇਫਿਕ ਵਿੱਚ ਅਹਿਮ ਮਿਸ਼ਨ ਦਾ ਮਹੱਤਵਪੂਰਨ ਮੈਂਬਰ ਹੈ ਤੇ ਇਹ ਮਿਸ਼ਨ ਇਹ ਵੇਖਣ ਲਈ ਚਲਾਇਆ ਜਾ ਰਿਹਾ ਹੈ ਕਿ ਉੱਤਰੀ ਕੋਰੀਆ ਉੱਤੇ ਪਾਬੰਦੀਆਂ ਸਹੀ ਢੰਗ ਨਾਲ ਲਾਗੂ ਕੀਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਕੈਨੇਡਾ ਦੀ ਫੌਜ ਨੇ ਇਹ ਆਖਿਆ ਸੀ ਕਿ ਚੀਨੀ ਜਹਾਜ਼ਾਂ ਨੇ ਕੈਨੇਡੀਅਨ ਜਹਾਜ਼ਾਂ ਨੂੰ ਧੱਕੇ ਨਾਲ ਉਨ੍ਹਾਂ ਦੇ ਰਾਹ ਤੋਂ ਹਟਾਉਣ ਦੀ ਕੋਸ਼ਿਸ਼ ਕੀਤੀ ਸੀ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

NOW HIRING !!! ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ? Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca ksgpestcontrol@gmail.com
KSG Pest Control Inc. Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

ਨਵਾਂ ਘਾਹ ਲਵਾਉ | 647-784-1213 www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Deal Price
PRICE $6899 +TAX
Deal
OF THE WEEK
KitchenAid
moffat
MAYTAG
LG
SAMSUNG
Electrolux
JENNAIR
BOSCH
Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
chatr™
AUTHORIZED DEALER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ >>

ਹੋਇਆ ਸੰਗਰੂਰ ਦੀ ਚੋਣ ਦਾ ਅਮਲ ਸਿੱਧਾ,
ਸਭ ਦਾ ਲੱਗਾ ਪਿਆ ਓਧਰ ਧਿਆਨ ਮਿੱਤਰ।
ਕਾਗਜ਼ ਭਰਨ ਦਾ ਹਾਲੇ ਜਦ ਕੰਮ ਹੋਇਆ,
ਲੱਗੇ ਨੇ ਖੜਕਵੇਂ ਆਉਣ ਬਿਆਨ ਮਿੱਤਰ।
ਸਾਰੇ ਈ ਕਹਿਣ ਕਿ ਲੋਕ ਹਨ ਤਰਫ ਸਾਡੇ,
ਬਾਕੀਆਂ ਧਿਰਾਂ ਦੇ ਵੱਲ ਨਹੀਂ ਜਾਨ ਮਿੱਤਰ।
ਮਾਹਰ ਚੋਣਾਂ ਦੇ ਜਿਹੜੇ ਕਈ ਜਾਣ ਸਮਝੇ,
ਕਹਿ ਰਹੇ ਸਾਨੂੰ ਨਾ ਅਜੇ ਗਿਆਨ ਮਿੱਤਰ।
ਵੋਟਾਂ ਪੈਣ ਵਿੱਚ ਬਹੁਤ ਹਨ ਦਿਨ ਰਹਿੰਦੇ,
ਦਾਅਵੇ ਜਿੱਤਾਂ ਦੇ ਲੱਗ ਪਏ ਹੋਣ ਮਿੱਤਰ।
ਏਦਾਂ ਈ ਦਾਅਵੇ ਜੇ ਨਿਕਲਦੇ ਸੱਚ ਹੁੰਦੇ,
ਕਾਹਦੀ ਕਰਨ ਦੀ ਲੋੜ ਸੀ ਚੋਣ ਮਿੱਤਰ।

**ਤੀਸ ਮਾਰ ਖਾਂ**

# ਜਥੇਦਾਰ ਅਕਾਲ ਤਖਤ ਦਾ ਸੰਦੇਸ਼: ਸਿੱਖ ਨੌਜਵਾਨਾਂ ਨੂੰ ਮਾਡਰਨ ਹਥਿਆਰਾਂ ਦੀ ਟ੍ਰੇਨਿੰਗ ਲਈ ਅਕੈਡਮੀਆਂ ਬਣਾਈਆਂ ਜਾਣਗੀਆਂ

*** ਸਿੱਖਾਂ ਨੂੰ ਦੇਸ਼ ਦੀ ਅਰਥ ਵਿਵਸਥਾ ਉੱਤੇ ਕਬਜ਼ਾ ਕਰਨ ਦਾ ਸੱਦਾ**

ਅੰਮ੍ਰਿਤਸਰ, 6 ਜੂਨ, (ਪੋਸਟ ਬਿਊਰੋ)- ਅਠੱਤੀ ਸਾਲ ਪਹਿਲਾਂ ਜੂਨ 1984 ਵਿੱਚ ਹੋਏ ਅਪਰੇਸ਼ਨ ਬਲਿਊ ਸਟਾਰ ਦੀ ਦੀ ਬਰਸੀ ਮੌਕੇ ਹਰ ਸਾਲ ਵਾਂਗ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਘੱਲੂਘਾਰਾ ਸਮਾਗਮ ਮਨਾਏ ਗਏ, ਜਿਸ ਲਈ ਸਿੱਖ ਸੰਗਤਾਂ ਦਾ ਕਾਫੀ ਭਰਵਾਂ ਇਕੱਠ ਸੀ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਿੱਛੋਂ ਕੀਰਤਨ ਸਮਾਗਮ ਦੇ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਦਿਆਂ ਸਿੱਖ ਨੌਜਵਾਨਾਂ ਨੂੰ ਆਧੁਨਿਕ ਹਥਿਆਰਾਂ ਦੀ ਸਿਖਲਾਈ ਦੇਣ ਦਾ ਸੱਦਾਦਿੱਤਾ ਹੈ।

ਅੱਜ ਦੇ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਸਿੱਖ ਨੌਜਵਾਨਾਂ ਨੂੰ ਤਿਆਰ ਬਰ ਤਿਆਰ ਰਹਿਣ ਲਈ ਮਾਡਰਨ ਹਥਿਆਰਾਂ ਦੀ ਟ੍ਰੇਨਿੰਗਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਉਹ ਸਿੱਖ ਸੰਸਥਾਵਾਂ ਨੂੰ ਕਹਿਣਗੇ ਕਿ ਉਹ ਕਾਨੂੰਨੀ ਤੌਰ ਉਤੇ ਨੌਜਵਾਨਾਂ ਨੂੰ ਟ੍ਰੇਨਿੰਗ ਦੇਣ ਲਈ ਸ਼ੂਟਿੰਗ ਰੇਂਜ ਸੈਂਟਰ ਬਣਾਉਣ, ਜਿੱਥੇ ਨੌਜਵਾਨਾਂ ਨੂੰ ਮਾਡਰਨ ਹਥਿਆਰਾਂ ਦੀ ਟ੍ਰੇਨਿੰਗਦਿੱਤੀ ਜਾਵੇ ਤੇਸਿੱਖ ਨੌਜਵਾਨਾਂ ਨੂੰ ਤਿਆਰ ਬਰ ਤਿਆਰ ਰਹਿਣ ਲਈ ਗੱਤਕਾ ਸਿਖਲਾਈ ਸੈਂਟਰ ਵੀ ਵੱਧ ਤੋਂ ਵੱਧ ਤਿਆਰ ਕਰਨੇ ਚਾਹੀਦੇ ਹਨ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਰਤ-ਪਾਕਿ ਵੰਡ ਵੇਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਨੇ ਸਿਆਸੀ ਤੌਰ ਉੱਤੇ ਸਿੱਖਾਂ ਨੂੰ ਕਮਜ਼ੋਰ ਕਰਨ ਦੀ ਰਣਨੀਤੀ ਘੜ ਲਈ ਸੀ ਤੇ ਇਸ ਦੇ ਤਹਿਤ ਹਮੇਸ਼ਾ ਸਿੱਖਾਂ ਨੂੰ ਧਾਰਮਿਕ ਆਰਥਿਕ ਤੇ ਸਮਾਜਿਕ ਪੱਖੋਂ ਕਮਜ਼ੋਰ ਕਰਨ ਦੇ ਯਤਨ ਕੀਤੇ ਜਾਂਦੇ ਰਹੇ।ਉਨ੍ਹਾ ਕਿਹਾ ਕਿ ਸਿੱਖ ਅਰਦਾਸ



ਮਗਰੋਂ ਦੋਹਰਾ ਪੜ੍ਹਦੇ ਹਨ, ਜਿਸ ਵਿੱਚ ਖ਼ਾਲਸਾ ਆਪਣੇ ਰਾਜ ਦੀ ਇੱਛਾ ਕਰਦਾ ਹੈ, ਪਰਇਹ ਰਾਜ ਤਦ ਹੋਵੇਗਾ, ਜਦ ਖਾਲਸਾ ਤਿਆਰ ਬਰ ਤਿਆਰ ਹੋਵੇਗਾ ਸਾਨੂੰ ਖ਼ਾਲਸ ਤੇ ਖ਼ਾਲਸਾ ਬਣਨ ਅਤੇ ਨਾਲ ਹੀ ਧਾਰਮਿਕ, ਆਰਥਿਕ ਤੇ ਸਮਾਜਿਕ ਪੱਖੋਂ ਮਜ਼ਬੂਤ ਹੋਣ ਦੀ ਲੋੜ ਹੈ, ਜਿਸ ਲਈ ਏਸੀ ਕਮਰਿਆਂ ਤੋਂ ਨਿਕਲ ਕੇ ਪਿੰਡ-ਪਿੰਡ ਵਿੱਚ ਪ੍ਰਚਾਰ ਕਰਨਾ ਪਵੇਗਾ। ਜਥੇਦਾਰ ਸ੍ਰੀ ਅਕਾਲ ਤਖਤ ਨੇ ਕਿਹਾ ਕਿ ਸਿੱਖਾਂ ਨੂੰ ਮਜ਼ਬੂਤ ਬਣ ਕੇ ਦੇਸ਼ ਦੀ ਆਰਥਿਕਤਾ ਉੱਤੇ ਕਾਬਜ਼ ਹੋਣਾ ਪਵੇਗਾ, ਤਦੇ ਸਾਡਾ ਰਾਜ ਹੋਵੇਗਾ।ਉਨ੍ਹਾਂ ਕਿਹਾ ਕਿ ਸਿੱਖੀ ਦੇ ਪ੍ਰਚਾਰ ਲਈ ਸਭ ਨੂੰ ਇੱਕਜੁੱਟ ਮੈਦਾਨ ਵਿੱਚ ਆਉਣਾ ਪਵੇਗਾ।

ਅੱਜ ਇਸ ਸਮਾਗਮ ਤੋਂ ਪਿੱਛੋਂ ਸਿੱਖ ਸੰਗਤਾਂ ਨੂੰ ਵੱਖਰੇ ਤੌਰ ਉੱਤੇ ਸੰਬੋਧਨ ਦੌਰਾਨਸਿਮਰਨਜੀਤ ਸਿੰਘ ਮਾਨ ਨੇ ਖਾਲਿਸਤਾਨ ਦੀ ਮੰਗ ਕੀਤੀ ਤੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਮੰਨਣਾ ਚਾਹੀਦਾ ਹੈ। ਮਾਨ ਨੇ ਕਿਹਾ ਕਿ ਦਮਦਮੀ ਟਕਸਾਲ ਦਾ ਮੁਖੀ ਵੀ ਭਾਈ ਹਰਨਾਮ ਸਿੰਘ ਖ਼ਾਲਸਾ ਹਟਾ ਕੇ ਭਾਈ ਦਇਆ ਸਿੰਘ ਲਾਹੌਰੀਆ ਨੂੰ ਥਾਪਣਾ ਚਾਹੀਦਾ ਹੈਅਤੇ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਦਵਿੰਦਰਪਾਲ ਸਿੰਘ ਭੁੱਲਰ ਨੂੰ ਬਣਾ ਦੇਣਾ ਚਾਹੀਦਾ ਹੈ।ਇਸ ਦੌਰਾਨਦਲ ਖਾਲਸਾ ਵੱਲੋਂ ਅੰਮ੍ਰਿਤਸਰ ਸ਼ਹਿਰ ਬੰਦ ਦਾ ਸੱਦਾ ਦਿੱਤਾ ਹੋਣ ਕਰ ਕੇ ਸ਼ਹਿਰ ਵਿਚ ਥਾਂ-ਥਾਂ ਪੁਲਿਸ ਤੈਨਾਤ ਕੀਤੀ ਗਈ ਸੀਅਤੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਵੀ ਪੁਲਿਸ ਪ੍ਰਸਾਸ਼ਨ ਵੱਲੋ ਭਾਰੀ ਸੁਰੱਖਿਆ ਦਸਤਿਆਂ ਨੂੰ ਸਾਦੇ ਕੱਪੜਿਆਂ ਵਿੱਚ ਤਾਇਨਾਤ ਕੀਤਾ ਗਿਆ ਸੀ।

# ਸਕੂਲਾਂ ਨੂੰ ਮਿਲੀ ਧਮਕੀ ਦੀ ਜਾਂਚ ਕਰ ਰਹੀ ਹੈ ਪੁਲਿਸ




ਟੋਰਾਂਟੋ, 6 ਜੂਨ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦਾ ਕਹਿਣਾ ਹੈ ਕਿ ਸ਼ਹਿਰ ਦੇ ਪੂਰਬ ਵੱਲ ਸਥਿਤ ਇੱਕ ਸਕੂਲ ਵਿੱਚ ਲਾਇਆ ਗਿਆ ਲਾਕਡਾਊਨ ਹਟਾ ਲਿਆ ਗਿਆ ਹੈ। ਸਕੂਲ ਨੂੰ ਮਿਲੀ ਧਮਕੀ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਟੀਡੀਐਸਬੀ ਦਾ ਕਹਿਣਾ ਹੈ ਕਿ ਸਕਾਰਬਰੋ ਵਿੱਚ ਗਿਲਡਵੁੱਡ ਪਾਰਕਵੇਅ ਤੇ ਲਿਵਿੰਗਸਟੋਨ ਰੋਡ ਉੱਤੇ ਸਥਿਤ ਸਰ ਵਿਲਫਰਿੱਡ ਲੌਰੀਅਰ ਕਾਲਜੀਏਟ ਦੇ ਸਾਰੇ ਵਿਦਿਆਰਥੀ ਸੁਰੱਖਿਅਤ ਹਨ। ਟੀਡੀਐਸਬੀ ਨੇ ਦੱਸਿਆ ਕਿ ਵੱਖ ਵੱਖ ਤਰ੍ਹਾਂ ਦੀਆਂ ਧਮਕੀਆਂ ਮਿਲਣ ਤੋਂ ਬਾਅਦ ਸਕਾਰ-ਬਰੋ ਵਿੱਚ ਹੀ ਇਸ ਸਕੂਲ ਤੋਂ ਕੁੱਝ ਬਲਾਕਸ ਦੀ ਦੂਰੀ ਉੱਤੇ ਸਥਿਤ ਇੱਕ ਹੋਰ ਜੈਕ ਮਾਈਨਰ ਸੀਨੀਅਰ ਪਬਲਿਕ ਸਕੂਲ ਨੂੰ ਵੀ ਹੋਲਡ ਤੇ ਸਕਿਊਰ ਉੱਤੇ ਰੱਖਿਆ ਗਿਆ। ਪਰ ਬਾਅਦ ਵਿੱਚ ਇਸ ਨੂੰ ਵੀ ਹਟਾ ਲਿਆ ਗਿਆ।

ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਨ੍ਹਾਂ ਦੋਵਾਂ ਸਕੂਲਾਂ ਨੂੰ ਮਿਲੀਆਂ ਧਮਕੀਆਂ ਦਰਮਿਆਨ ਕੀ ਸਬੰਧ ਸੀ। ਕਈ ਹੋਰਨਾਂ ਸੰਸਥਾਂਵਾਂ ਲਈ ਜਾਰੀ ਕੀਤੇ ਗਏ ਹੋਲਡ ਤੇ ਸਕਿਓਰ ਨੂੰ ਵੀ ਹਟਾ ਲਿਆ ਗਿਆ ਹੈ। ਇਨ੍ਹਾਂ ਵਿੱਚ ਗਿਲਡਵੁੱਡ ਜੂਨੀਅਰ ਪਬਲਿਕ ਸਕੂਲ, ਮੇਪਲਵੁੱਡ ਹਾਈ ਸਕੂਲ, ਈਸਟਵਿਊ ਪਬਲਿਕ ਸਕੂਲ, ਪੋਪਲਰ ਰੋਡ ਜੂਨੀਅਰ ਪਬਲਿਕ ਸਕੂਲ ਤੇ ਐਲਿਜ਼ਾਬੈੱਥ ਸਿਮਕੋਅ ਜੂਨੀਅਰ ਪਬਲਿਕ ਸਕੂਲ ਸ਼ਾਮਲ ਸਨ।

# ਰਾਜਾ ਵੜਿੰਗ ਨੇ ਕਾਂਗਰਸ ਹਾਈਕਮਾਂਡ ਨੂੰ ਕਿਹਾ: 'ਮੈਨੂੰ ਭੜਕਾਇਆ, ਤਾਂ ਲੋਕ ਫੈਂਟਣਗੇ'

*** ਜੱਥੇਦਾਰ ਅਕਾਲ ਤਖਤ ਦੇ ਭਾਸ਼ਣ ਉੱਤੇ ਵੀ ਇਤਰਾਜ਼**

ਚੰਡੀਗੜ੍ਹ, 6 ਜੂਨ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿਚਲਾ ਕਲੇਸ਼ ਹਾਲੇ ਰੁਕ ਨਹੀਂ ਰਿਹਾ। ਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਾਈਕਮਾਂਡ ਨੂੰ ਤਿੱਖੇ ਤੇਵਰ ਵਿਖਾਏ ਤੇ ਪੰਜਾਬ ਦੇ ਇੰਚਾਰਜ ਹਰੀਸ਼ ਚੌਧਰੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਂ 3 ਸਾਲਾਂ ਵਿੱਚ ਪ੍ਰਧਾਨ ਵਜੋਂ ਕੰਮ ਪੱਕਾ ਕਰਕੇ ਵਿਖਾਵਾਂਗਾ। ਉਨ੍ਹਾਂ ਚੇਤਾਵਨੀ ਦੇਣ ਵਾਂਗ ਕਿ ਜੇ ਮੈਨੂੰ ਭੜਕਾਉਗੇ ਤਾਂ ਇਸ ਦੇ ਜਵਾਬ ਵਿੱਚ ਲੋਕ ਫੈਂਟਣਗੇ।

ਵਰਨਣ ਯੋਗ ਹੈ ਕਿ ਦੋ ਦਿਨ ਪਹਿਲਾਂ ਪੰਜਾਬ ਕਾਂਗਰਸ ਦੇ ਪੰਜ ਵੱਡੇ ਆਗੂ ਕਾਂਗਰਸ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ



ਸ਼ਾਮਲ ਹੋ ਜਾਣ ਪਿੱਛੋਂ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਨੁਕਤਾਚੀਨੀ ਹੋਣ ਲੱਗ ਪਈ ਸੀ। ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਵਿਧਾਨ ਸਭਾ ਚੋਣਾਂ ਪਿੱਛੋਂ ਨਵਜੋਤ ਸਿੱਧੂ ਨੂੰ ਪ੍ਰਧਾਨਗੀ ਤੋਂ ਹਟਾ ਕੇ ਪੰਜਾਬ ਦਾ ਪ੍ਰਧਾਨ ਬਣਾਇਆ ਸੀ। ਹੁਸ਼ਿਆਰਪੁਰ ਵਿੱਚ ਰਾਜਾ ਵੜਿੰਗ ਨੇ ਹਰੀਸ਼ ਚੌਧਰੀ ਨੂੰ ਕਿਹਾ ਕਿ ਉਨ੍ਹਾਂ ਦੀ ਨਿਯੁਕਤੀ ਪਾਰਟੀ ਨੇ ਪੰਜ ਸਾਲਾਂ ਲਈ ਕੀਤੀ ਹੈ, ਪਰ ਚਰਚਾ ਹੈ ਕਿ 2 ਸਾਲਾਂ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਪਿੱਛੋਂ ਉਨ੍ਹਾਂ ਦੀ ਛੁੱਟੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਅਗਲੇ 2-3 ਸਾਲਾਂ ਵਿੱਚ ਏਨਾ ਪੱਕਾ ਕੰਮ ਕਰ ਦੇਣਗੇ ਕਿ ਜੇ ਉਨ੍ਹਾਂ ਨੂੰ ਬਦਲਿਆ ਤਾਂ ਹੋ ਸਕਦਾ ਹੈ ਕਿ ਲੋਕ ਹਾਈਕਮਾਂਡ ਨੂੰ ਪੁੱਛਿਣ ਕਿ ਕਿਉਂ ਬਦਲਿਆ ਹੈ। ਇਸ ਤਰ੍ਹਾਂ ਰਾਜਾ ਵੜਿੰਗ ਸੰਦੇਸ਼ ਦੇ ਰਹੇ ਹਨ ਕਿ ਉਨ੍ਹਾਂ ਨੂੰ ਹਾਲੇ ਨਾ ਬਦਲਿਆ ਜਾਵੇ, ਪਰ ਇੱਕ ਤਰ੍ਹਾਂ ਇਹ ਵੀ ਕਹਿ ਗਏ ਕਿ ਉਹ ਏਨਾ ਪੱਕਾ ਕੰਮ ਕਰਨਗੇ ਕਿ ਜੇ ਉਨ੍ਹਾਂ ਨੂੰ ਬਦਲਿਆ ਤਾਂ ਕਾਂਗਰਸ ਦੇ ਵਰਕਰ ਉਨ੍ਹਾਂ ਨੂੰ ਬਦਲਣ ਵਾਲਿਆਂ ਨੂੰ ਵੀ ਨਹੀਂ ਬਖਸ਼ਣਗੇ।

ਇਸ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਿੱਖ ਨੌਜਵਾਨਾਂ ਨੂੰ ਇੱਕ ਵਾਰ ਫਿਰ ਹਥਿਆਰਾਂ ਦੀ ਸਿਖਲਾਈ ਦੇਣ ਵਾਲਾ ਸੱਦਾ ਦੇਣ ਦੀ ਨਿਖੇਧੀ ਕੀਤੀ ਅਤੇ ਜਾਰੀ ਕੀਤੇ ਬਿਆਨ ਵਿੱ-ਚਕਿਹਾ ਕਿ ਉਹ ਹੈਰਾਨ ਹਨ ਕਿ ਜਥੇਦਾਰ ਦੁਨੀਆ ਤੇ ਖਾਸ ਕਰਕੇ ਸਿੱਖਾਂ ਨੂੰ ਕੀ ਦੱਸਣਾ ਚਾਹੁੰਦੇ ਹਨ। ਉਨ੍ਹਾਂ ਜਥੇਦਾਰ ਨੂੰ ਕਿਹਾ ਕਿ ਤੁਹ-ਾਡਾ ਸਿੱਖਾਂ ਨੂੰ ਹਥਿਆਰ ਦੇਣ ਦਾ ਮੋਹ ਇਕਮੁੱਠ ਹੋਣ ਦੀ ਸੋਚ ਤੋਂ ਵੱਖਰਾ ਹੈ। ਉਨ੍ਹਾਂ ਜਥੇਦਾਰ ਨੂੰ ਪੁੱਛਿਆ ਕਿ ਕੀ ਤੁਸੀਂ ਸਾਰੇ ਲੋਕਾਂ ਜਾਂ ਸਿਰਫ਼ ਸਿੱਖਾਂ ਲਈ ਹਥਿਆਰਾਂ ਦੀ ਸਿਖਲਾਈ ਦੀ ਵਕਾਲਤ ਕਰ ਰਹੇ ਹੋ ਅਤੇ ਕੀ ਇਸ ਨਾਲ ਦੂਸਰਿਆਂ ਭਾਈਚਾਰਿਆਂਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਨਹੀਂ ਹੋਵੇਗੀ। ਰਾਜਾ ਵੜਿੰਗ ਨੇ ਕਿਹਾ ਕਿ ਇਹ ਪੰਜਾਬ ਲਈ ਚੰਗਾ ਨਹੀਂ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਹਥਿਆਰਾਂ ਦੀ ਟ੍ਰੇਨਿੰਗ ਦੀ ਸਲਾਹ ਓਦੋਂ ਨਹੀਂ ਦਿੱਤੀ ਜਾ ਸਕਦੀ, ਜਦੋਂ ਪੰਜਾਬ ਆਪਣੇ ਉੱਘੇ ਗਾਇਕ ਸਿੱਧੂਮੂਸੇਵਾਲਾ ਦੀ ਮੌਤਦਾ ਸੋਗ ਮਨਾ ਰਿਹਾ ਹੈ, ਜਿਸਨੂੰ ਸਿਰਫ 28 ਸਾਲ ਦੀ ਛੋਟੀ ਉਮਰ ਵਿਚ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਹੈ।

# ਮੋਹਾਲੀ ਦੇ ਮਾਸਟਰ ਪਲਾਨ ਵਿੱਚ ਨਵੀਂ ਟਾਊਨਸ਼ਿਪ ਬਣਾਉਣ ਦੀ ਮੁੱਖ ਮੰਤਰੀ ਵੱਲੋਂ ਮਨਜ਼ੂਰੀ



ਚੰਡੀਗੜ੍ਹ, 6 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਮੋਹਾਲੀ ਮਾਸਟਰ ਪਲਾਨ ਵਿੱਚ ਆਧੁਨਿਕ ਸਹੂਲਤਾਂ ਵਾਲੀ ਇੱਕ ਨਵੀਂ ਟਾਊਨਸ਼ਿਪ ਬਣਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਅੱਜ ਏਥੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੀ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਟ੍ਰਾਈਸਿਟੀ ਵਿਚ ਲੋਕਾਂ ਨੂੰ ਸਸਤੀ ਰਿਹਾਇਸ਼ੀ ਸਹੂਲਤਦੇਣ ਲਈ ਅਜਿਹੀ ਨਵੀਂ ਟਾਊਨਸ਼ਿਪ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਤੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੇ ਅਧਿਕਾਰੀਆਂ ਨੂੰ ਇਸ ਦੀ ਰੂਪ-ਰੇਖਾ ਉਲੀਕਣ ਤੇ ਇਸ ਦੀ ਪੱਕੀ ਤਜਵੀਜ਼ ਪੇਸ਼ ਕਰਨ ਨੂੰ ਕਿਹਾ ਸੀ।ਭਗਵੰਤ ਮਾਨ ਨੇ ਕਿਹਾ ਕਿ ਇਹਨਵੀਂ ਟਾਊਨਸ਼ਿਪ ਵਿਸ਼ਵ ਪੱਧਰ ਦੀਆਂਸਹੂਲਤਾਂ ਨਾਲ ਲੈਸ ਹੋਣੀ ਚਾਹੀਦੀ ਹੈ ਤਾਂ ਜੋ ਲੋਕ ਆਰਾਮਦ-ਾਇਕ ਜੀਵਨ ਬਸਰ ਕਰ ਸਕਣ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਟਾਊਨਸ਼ਿਪ ਨੂੰ ਆਧੁਨਿਕ ਲੀਹਾਂ ਉਤੇ ਵਿਕਸਤ ਕਰਨ ਉਤੇ ਜ਼ੋਰ ਦਿੱਤਾ ਤਾਂ ਕਿ ਇਹ ਉਚੇਰੀ ਸਿੱਖਿਆ ਦੇ ਨਾਲ ਸੂਚਨਾ ਤਕਨਾਲੋਜੀ ਦੇ ਗੜ੍ਹ ਵਜੋਂ ਉੱਭਰ ਸਕੇ।ਉਨ੍ਹਾ ਕਿਹਾ ਕਿ ਮੋਹਾਲੀ ਵਿੱਚ ਸਭ ਤੋਂ ਵਧੀਆ ਸੜਕੀ, ਹਵਾਈ ਤੇ ਰੇਲਵੇ ਸੰਪਰਕ ਸਹੂਲਤ ਹੈਅਤੇ ਇਸ ਲਈ ਮੋਹਾਲੀ ਦੀ ਜੂਹ ਵਿੱਚ ਵੱਸਣ ਵਾਲੀ ਇਸ ਤਜਵੀਜ਼ ਕੀਤੀ ਟਾਊਨਸ਼ਿਪ ਵਿੱਚ ਤਰੱਕੀ ਦੀਆਂ ਬੇਹੱਦ ਸੰਭਾਵਨਾਵਾਂ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਮੋਹਾਲੀ ਵਿਚ ਬਣ ਰਹੇ ਮੈਡੀਕਲ ਕਾਲਜ ਨੂੰ ਨਵੀਂ ਜਗ੍ਹਾ ਤਬਦੀਲ ਕਰਨ ਦੀ ਸੰਭਾਵਨਾ ਤਲਾਸ਼ਣ ਲਈ ਵੀ ਕਿਹਾ।


**ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ**
**ਸੈਰ ਸਪਾਟੇ ਨਾਲ ਹੁਣ ਕਰੋ ਕਮਾਈ**

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana



ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill (MBA,LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact: 416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW



ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification



Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਸਿੱਧੂ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਵੀਡੀਓ ’ਤੇ ਰੇਕੀ ਕਰਨ ਵਾਲਾ ਕੇਕੜਾ ਗ੍ਰਿਫ਼ਤਾਰ

## * ਬਾਕੀ ਸਾਰੇ ਦੋਸ਼ੀਆਂ ਦੀ ਪਛਾਣ ਵੀ ਕਰ ਲੈਣ ਦਾ ਪੁਲਸ ਦਾ ਦਾਅਵਾ

ਮਾਨਸਾ, 6 ਜੂਨ, (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਵਿਚ ਪੁਲਸ ਨੇ ਕੇਕੜਾ ਨਾਮ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।ਉਸ ਉੱਤੇ ਦੋਸ਼ ਹੈ ਕਿ ਉਸ ਨੇ ਸਿੱਧੂਮੂਸੇਵਾਲਾ ਦੀ ਰੇਕੀ ਕੀਤੀ ਸੀ। ਇਸ ਦੌਰਾਨ ਸਿੱਧੂਮੂਸੇਵਾਲਾ ਦੇ ਕਤਲ ਤੋਂ 15 ਮਿੰਟ ਪਹਿਲਾਂ ਦਾ ਇਕ ਸੀ ਸੀ ਟੀ ਵੀ ਵੀਡੀਓ ਮਿਲਿਆ ਹੈ, ਜਿਸ ਵਿਚ ਸਿੱਧੂ ਜਦੋਂ ਆਪਣੀ ਥਾਰ ਗੱਡੀ ਵਿੱਚ ਘਰੋਂ ਨਿਕਲਣ ਲੱਗਾ ਤਾਂ ਉਸ ਨੂੰ ਘਰ ਦੇ ਬਾਹਰ ਕੁਝ ਨੌਜਵਾਨ ਰੋਕ ਲੈਂਦੇ ਅਤੇ ਸੈਲਫੀਆਂ ਲੈਣ ਲੱਗਦੇ ਹਨ।ਰੇਕੀ ਕਰਨ ਵਾਲਾ ਕੇਕੜਾ ਵੀ ਇਨ੍ਹਾਂ ਵਿੱਚ ਸੀ।

ਪਤਾ ਲੱਗਾ ਹੈ ਕਿ ਕੇਕੜਾ ਵਾਰਦਾਤ ਵਾਲੇ ਦਿਨ ਲਗਭਗ 45 ਮਿੰਟ ਸਿੱਧੂਮੂਸੇਵਾਲਾ ਦੇ ਘਰ ਰਿਹਾ ਤੇ ਉਸ ਨੇ ਉਥੇ ਚਾਹ ਪਾਣੀ ਪੀਤਾ ਤੇ ਸਿੱਧੂ ਨਾਲ ਸੈਲਫੀਆਂ ਵੀ ਲਈਆਂ ਸਨ।ਇਸ ਦੇ ਬਾਅਦ ਕੇਕੜਾ ਨੇ ਹੀ ਕਾਤਲਾਂ ਨੂੰ ਸੂਚਨਾ ਭੇਜੀ ਕਿ ਮੂਸੇਵਾਲਾ ਥਾਰ ਜੀਪ ਵਿਚ ਜਾ ਰਿਹਾ ਹੈਅਤੇ ਉਹ ਗਨਮੈਨ ਅਤੇ ਬੁਲਟ ਪਰੂਫ ਫਾਰਚਿਊਨਰ ਵੀ ਨਹੀਂ ਲੈ ਕੇ ਗਿਆ। ਐਂਟੀ ਗੈਂਗਸਟਰ ਟਾਸਕ ਫੋਰਸ ਨੇ ਜਿਸ ਕੇਕੜਾ ਨਾਂਅ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ, ਇਹ ਫੈਨ ਬਣ ਕੇ ਸਿੱਧੂ ਦੇ ਘਰ ਆਇਆ ਸੀ। ਉਸੇ ਨੇ ਸ਼ਾਰਪ ਸ਼ੂਟਰਾਂ ਨੂੰ ਸਾਰੀ ਸਥਿਤੀ ਦੀ ਜਾਣਕਾਰੀ ਦਿੱਤੀ। ਇਸ ਦੀ ਸਾਰੀ ਕਾਰਵਾਈ ਸਿੱਧੂ ਮੂਸੇਵਾਲਾ ਦੀ ਹਵੇਲੀ ਵਿਚ ਲੱਗੇ ਕੈਮਰਿਆਂ ਵਿੱਚ ਮਿਲ ਗਈ ਹੈ। ਇਸ ਦੌਰਾਨ ਸਿੱਧੂ ਮੂਸੇਵਾਲਾ ਕਤਲ ਕੇਸ ਦੇ ਸਾਰੇ ਸ਼ਾਰਪ ਸ਼ੂਟਰਾਂ ਦਾ ਪਤਾ ਲੱਗ ਗਿਆ ਹੈ। ਪੰਜਾਬ ਪੁਲਸ ਦਾ ਦਾਅਵਾ ਹੈ ਕਿ ਇਨ੍ਹਾਂ ਕਾਤਲਾਂ ਦੀ ਪਛਾਣ ਮੁਤਾਬਕ ਇਨ੍ਹਾਂ ਵਿੱਚੋਂ ਤਿੰਨ ਪੰਜਾਬ ਦੇ ਹਨ ਤੇ 2 ਹਰਿਆਣਾ ਦੇ ਅਤੇ 2 ਜਣੇ ਮਹਾਰਾਸ਼ਟਰ ਦੇ ਹਨ। ਇਨ੍ਹਾਂ ਸਾਰੇ ਸ਼ੂਟਰਾਂ ਦਾ ਸੰਬੰਧ ਲਾਰੈਂਸ ਬਿਸ਼ਨੋਈ ਨਾਲ ਦੱਸਿਆ ਗਿਆ ਤੇਇਨ੍ਹਾਂ ਦੀ ਪਛਾਣ ਹੋਣ ਮਗਰੋਂਚਾਰ ਰਾਜਾਂਪੰਜਾਬ, ਹਰਿਆਣਾ, ਰਾਜਸਥਾਨ ਤੇ ਦਿੱਲੀ ਦੀ ਪੁਲਸ ਇਨ੍ਹਾਂ ਪਿੱਛੇ ਲੱਗ ਗਈ ਹੈ। ਇਨ੍ਹਾਂ ਤੋਂ ਇਲਾਵਾ ਕਾਤਲਾਂ ਨੂੰ ਹਥਿਆਰ ਤੇ ਗੱਡੀਆਂ ਦੇਣ ਵਾਲੇ, ਕਤਲ ਤੋਂ ਪਹਿਲਾਂ ਰੁਕਣ ਦਾ ਟਿਕਾਣਾ ਦੇਣ ਵਾਲੇ ਅਤੇ ਰੇਕੀ ਕਰਨ ਵਾਲੇ ਲੋਕਾਂ ਉੱਤੇ ਪੁਲਸ ਸ਼ਿਕੰਜਾ ਕੱਸ ਰਹੀ ਹੈ। ਪਛਾਣੇ ਗਏ ਸ਼ੂਟਰਾਂ ਵਿੱਚ ਸੁਭਾਸ਼ ਬੋਂਦਾ, ਸੰਤੋਸ਼ ਯਾਦਵ,



ਸੌਰਭ, ਮਨਜੀਤ ਸਿੰਘ, ਪ੍ਰਿਯਵਰਤ ਫੌਜੀ, ਹਰਕਮਲ, ਜਗਰੂਪ ਸਿੰਘ ਰੂਪਾ ਅਤੇ ਮਨਪ੍ਰੀਤ ਸਿੰਘ ਦਾ ਨਾਂ ਹੈ। ਇਨ੍ਹਾਂ ਵਿਚੋਂ ਹਰਕਮਲ, ਰੂਪਾ ਤੇ ਮਨਪ੍ਰੀਤ ਪੰਜਾਬ ਦੇ ਹਨ।ਮੂਸੇਵਾਲਾ ਦੇ ਕਤਲ ਤੋਂ 3 ਦਿਨ ਪਹਿਲਾਂ ਇਹ ਸਾਰੇ ਕੋਟਕਪੂਰਾ ਹਾਈਵੇ ਉੱਤੇਮਿਲੇ ਸਨ। ਇਸ ਪਿੱਛੋਂ ਕਿੱਥੇ ਰੁਕੇ, ਇਸ ਬਾਰੇ ਪੁਲਸ ਜਾਂਚ ਕਰ ਰਹੀ ਹੈ।ਸੂਤਰਾਂ ਮੁਤਾਬਕ ਪੰਜਾਬ ਪੁਲਸ ਵੱਲੋਂਪਛਾਣੇ ਗਏ 8 ਸ਼ਾਰਪ ਸ਼ੂਟਰਾਂ ਤੋਂ ਬਿਨਾ ਦੋ ਹੋਰ ਗੈਂਗਸਟਰ ਵੀ ਹਨ, ਪਰ ਇਨ੍ਹਾਂ ਦੀ ਪਛਾਣ ਨੂੰ ਗੁਪਤ ਰੱਖਿਆ ਗਿਆ ਹੈ।

ਸਿੱਧੂਮੂਸੇਵਾਲਾ ਕਤਲ ਕੇਸ ਵਿੱਚ ਸ਼ਾਮਲ ਇਕ ਦੋਸ਼ੀਜਗਰੂਪ ਸਿੰਘ ਦੇ ਘਰਤਰਨਤਾਰਨ ਜ਼ਿਲੇਵਿਚਲੇ ਪਿੰਡ ਜੌੜਾ ਵਿੱਚ ਅੱਜ ਪੁਲਸ ਨੇ ਛਾਪਾ ਮਾਰਿਆ ਹੈ। ਕੁਝ ਦਿਨ ਪਹਿਲਾਂ ਇਕ ਵੀਡੀਓ ਵਿੱਚਉਹ ਹੋਰ ਨੌਜਵਾਨਾਂ ਨਾਲ ਢਾਬੇ ਉੱਤੇ ਬੈਠਾ ਨਜ਼ਰ ਆਇਆ ਹੈ, ਜਿਸ ਪਿੱਛੋਂਉਸ ਬਾਰੇ ਦੀ ਜਾਂਚ ਕੀਤੀ ਗਈ। ਕੇਸ ਵਿੱਚਜਗਰੂਪ ਦਾ ਨਾਂ ਆਉਣ ਉੱਤੇਉਸ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਪਰੋਕਤ ਵੀਡੀਓਤੋਂ ਉਨ੍ਹਾਂ ਨੇ ਪਛਾਣ ਲਿਆ ਸੀ ਕਿ ਢਾਬੇ ਉੱਤੇ ਬੈਠਾ ਨੌਜਵਾਨ ਉਨ੍ਹਾਂ ਦਾ ਜਗਰੂਪ ਹੀ ਹੈ, ਪਰ ਉਹ ਨਸ਼ੇ ਦਾ ਆਦੀ ਸੀਅਤੇ ਘਰ ਵਿੱਚ ਕੁੱਟਮਾਰ ਕਰਦਾ ਸੀ, ਜਿਸ ਲਈ ਉਸ ਨੂੰ ਘਰੋਂ ਬੇਦਖਲ ਕਰ ਦਿੱਤਾ ਗਿਆ ਸੀ। ਪਰਿਵਾਰ ਦਾ ਕਹਿਣਾ ਹੈ ਕਿ ਪੁਲਸ ਉਸ ਨੂੰ ਜੋ ਚਾਹੇ ਸਜ਼ਾ ਦੇ ਸਕਦੀ ਹੈ, ਸਾਡਾ ਉਸ ਨਾਲ ਕੋਈ ਲੈਣਾ-ਦੇਣਾ ਨਹੀਂ।ਉਸ ਦੀ ਮਾਂ ਨੇ ਕਿਸੇ ਥਾਂ ਪੱਤਰਕਾਰਾਂ ਨੂੰ ਕਿਹਾ ਕਿ ਜੇ ਜਗਰੂਪ ਇਸ ਕਤਲ ਕੇਸ ਵਿੱਚ ਸ਼ਾਮਲ ਹੈ ਤਾਂ ਪੁਲਸ ਉਸ ਨਾਲ ਜੋ ਵੀ ਕਰੇ, ਉਨ੍ਹਾਂ ਨੂੰ ਇਤਰਾਜ਼ ਨਹੀਂ ਹੋਵੇਗਾ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


# ਸੰਗਰੂਰ ਦੀ ਉੱਪ ਚੋਣ: ਅਕਾਲੀ ਦਲ ਦੀ ਕਮਲਦੀਪ ਕੌਰ, ਕਾਂਗਰਸੀ ਦੇ ਗੋਲਡੀ ਤੇ ਭਾਜਪਾ ਦੇ ਕੇਵਲ ਢਿੱਲੋਂ ਵੱਲੋਂ ਕਾਗਜ਼ ਦਾਖਲ

ਸੰਗਰੂਰ, 6 ਜੂਨ, (ਪੋਸਟ ਬਿਊਰੋ)- ਪੰਜਾਬ ਦਾ ਮੁੱਖ ਮੰਤਰੀ ਬਣਨ ਪਿੱਛੋਂ ਭਗਵੰਤ ਮਾਨ ਵੱਲੋਂ ਪਾਰਲੀਮੈਂਟ ਸੀਟ ਤੋਂ ਅਸਤੀਫਾ ਦੇਣ ਕਾਰਨ ਹੋ ਰਹੀ ਸੰਗਰੂਰ ਲੋਕ ਸਭਾ ਉੱਪ ਚੋਣ ਲਈ ਨਾਮਜ਼ਦਗੀ ਕਾਗਜ਼ ਭਰਨ ਦਾ ਕੰਮ ਅੱਜ ਮੁਕੰਮਲ ਹੋ ਗਿਆ ਹੈ। ਇਸ ਪ੍ਰਕਿਰਿਆ ਦੇ ਆਖਰੀ ਦਿਨ ਅੱਜ ਸੋਮਵਾਰ ਅਕਾਲੀ ਦਲ ਦੀ ਉਮੀਦਵਾਰ ਕਮਲਦੀਪ ਕੌਰ, ਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ ਅਤੇ ਕਾਂਗਰਸ ਦੇ ਦਲਬੀਰ ਸਿੰਘ ਗੋਲਡੀ ਨੇ ਆਪੋ-ਆਪਣੇ ਆਪਣੇ ਨਾਮਜ਼ਦਗੀ ਪੱਤਰਭਰ ਦਿੱਤੇ ਹਨ।ਇਸ ਹਲਕੇ ਵਿੱਚ ਵੋਟਾਂ 23 ਜੂਨ ਨੂੰ ਪੈ ਕੇ ਨਤੀਜਾ 26 ਜੂਨ ਨੂੰ ਨਿਕਲੇਗਾ।

ਅੱਜ ਨਾਮਜ਼ਦਗੀ ਕਾਗਜ਼ ਭਰਨ ਦੇ ਆਖਰੀ ਦਿਨਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੇ ਜਦੋਂ ਕਾਗਜ਼ ਭਰੇ ਤਾਂ ਉਸ ਵੇਲੇ ਉਨ੍ਹਾਂ ਦੇ ਨਾਲ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਪੰਜਾਬਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ, ਸੁਨੀਲ ਜਾਖੜ, ਪਰਮਿੰਦਰ



ਸਿੰਘ ਢੀਂਡਸਾ, ਬਲਬੀਰ ਸਿੰਘ ਸਿੱਧੂ ਅਤੇ ਹੋਰ ਆਗੂ ਮੌਜੂਦ ਸਨ।

ਇਸ ਤੋਂ ਇਲਾਵਾ ਅੱਜ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਗਠਜੋੜ ਦੀ ਉਮੀਦਵਾਰ ਅਤੇ ਫਾਂਸੀ ਦੀ ਸਜ਼ਾ ਕਾਰਨ ਜੇਲ੍ਹ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਵੀ ਕਾਗਜ਼ ਪੇਸ਼ ਕੀਤੇ ਹਨ। ਉਨ੍ਹਾ ਦੇ ਕਾਗ਼ਜ਼ ਭਰਵਾਉਣ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹੋਰ ਆਗੂ ਪਹੁੰਚੇ ਹੋਏ ਸਨ।

ਕਾਂਗਰਸ ਉਮੀਦਵਾਰ ਦਲਬੀਰ ਸਿੰਘ ਗਿੱਲ ਗੋਲਡੀ ਦੇ ਕਾਗ਼ਜ਼ ਪੇਸ਼ ਕਰਨ ਦੇ ਵਕਤ ਉਨ੍ਹਾਂ ਨਾਲ ਕਾਂਗਰਸ ਦੇ ਪੰਜਾਬ ਦੇਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੰਤਰੀ ਵਿਜੈਇੰਦਰ ਸਿੰਗਲਾ, ਸੁਖਜਿੰਦਰ ਸਿੰਘ ਰੰਧਾਵਾ, ਪ੍ਰਤਾਪ ਸਿੰਘ ਬਾਜਵਾ ਮੌਜੂਦ ਸਨ। ਅਕਾਲੀ ਦਲ ਅੰਮ੍ਰਿਤਸਰ ਦੇ ਸਿਮਰਨਜੀਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਇਸ ਤੋਂ ਪਹਿਲਾਂ ਆਪਣੇ ਕਾਗਜ਼ ਦਾਖਲ ਕਰਵਾ ਚੁੱਕੇ ਹਨ।

# ਕੈਲੇਡਨ ਈਸਟ ਦੇ ਵਾਰਡ 3-4 ਵਿਚ ਬਣੇ ਪਾਰਕ ਦਾ ਉਦਘਾਟਨ

ਬਰੈਂਪਟਨ, (ਡਾ. ਝੰਡ) - ਪ੍ਰਾਪਤ ਸੂਚਨਾ ਅਨੁਸਾਰ ਕੈਲੇਡਨ ਈਸਟ ਵਿਚ 33 ਅਰਬਰਟ ਸਪੌਂਸਰ ਐਵੀਨਿਊ ਵਿਚ ਬਣੇ ਨਵੇਂ ਪਾਰਕ ਦਾ ਉਦਘਾਟਨ ਕੈਲੇਡਨ ਦੀ ਐਕਟਿੰਗ ਮੇਅਰ ਕ੍ਰਿਸਟੀਨਾ ਅਰਲੀ ਵੱਲੋਂ ਲੰਘੇ ਵੀਰਵਾਰ 2 ਜੂਨ ਨੂੰ ਰਿਬਨ ਕੱਟ ਕੇ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਪਾਰਕ ਦੀ ਉਸਾਰੀ ਲਈ ਕੈਲੇਡਨ ਦੇ ਵਾਰਡ ਨੰਬਰ 3-4 ਦੀ ਰੀਜਨਲ ਕੌਂਸਲਰ ਜੈਨੀਫ਼ਰ ਇਨਿਸ ਵੱਲੋਂ ਵਿਸ਼ੇਸ਼ ਉਤਸ਼ਾਹ ਵਿਖਾਇਆ ਗਿਆ ਅਤੇ ਉਨ੍ਹਾਂ ਵੱਲੋਂ ਕਾਫ਼ੀ ਕੋਸ਼ਿਸ਼ਾਂ ਕਰਕੇ ਇਸ ਦੇ ਲਈ ਲੋੜੀਂਦੇ ਫ਼ੰਡਾਂ ਦਾ ਪ੍ਰਬੰਧ ਕੀਤਾ ਗਿਆ।




ਸਮਾਗਮ ਵਿਚ ਸ਼ਾਮਲ ਕੈਲੇਡਨ-ਵਾਸੀਆਂ ਅਤੇ ਆਏ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਐਕਟਿੰਗ ਮੇਅਰ ਕ੍ਰਿਸਟੀਨਾ ਨੇ ਕੈਲਾਡਨ ਸੀਨੀਅਰਜ਼ ਕਲੱਬ ਵੱਲੋਂ ਕੀਤੇ ਜਾ ਰਹੇ ਉਸਾਰੂ ਕੰਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਲੱਬ ਨੂੰ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਯਕੀਨ ਦਿਵਾਇਆ। ਕੈਲੇਡਨ ਸੀਨੀਅਰਜ਼ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਅਤੇ ਮੀਤ-ਪ੍ਰਧਾਨ ਮੁਖਤਿਆਰ ਸਿੰਘ ਹੁੰਦਲ ਵੱਲੋਂ ਆਪਣੇ ਸੰਬੋਧਨਾਂ ਵਿਚ ਪਾਰਕ ਵਿਚ ਲੋੜੀਂਦੀਆਂ ਸਹੂਲਤਾਂ ਅਤੇ ਹੋਰ ਵਸਤਾਂ ਬਾਰੇ ਐਕਟਿੰਗ ਮੇਅਰ ਨੂੰ ਜਾਣੂੰ ਕਰਵਾਇਆ ਗਿਆ ਅਤੇ ਇਹ ਜਲਦੀ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਗਈ ਜਿਸ ਦੇ ਬਾਰੇ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ।

ਇਸ ਮੌਕੇ ਕੈਲੇਡਨ ਕਮਿਊਨਿਟੀ ਦੇ ਚੇਅਰਪਰਸਨ ਹੀਦਰ ਸੈਵੇਜ, ਕੌਂਸਲਰ ਨਿੱਕ ਬੋਰ ਅਤੇ ਬਰੈਂਪਟਨ ਦੀਆਂ ਕਈ ਸੀਨੀਅਰਜ਼ ਕਲੱਬਾਂ ਦੇ ਪ੍ਰਧਾਨਾਂ, ਅਹੁਦੇਦਾਰਾਂ ਅਤੇ ਮੈਂਬਰਾਂ ਨੇ ਇਸ ਉਦਘਾਟਨੀ ਸਮਾਰੋਹ ਵਿਚ ਸ਼ਮੂਲੀਅਤ ਕਰਕੇ ਇਸ ਦੀ ਰੌਣਕ ਵਿਚ ਵਾਧਾ ਕੀਤਾ। ਸਥਾਨਕ ਕੈਲੇਡਨ-ਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ ਲਈ ਚਾਹ, ਸਮੋਸੇ, ਮਠਿਆਈ ਅਤੇ ਕੋਲਡ-ਡਰਿੰਕਸ ਦਾ ਵਧੀਆ ਪ੍ਰਬੰਧ ਕੀਤਾ ਗਿਆ। ਅਖ਼ੀਰ ਵਿਚ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਵੱਲੋਂ ਕੈਲੇਡਨ ਦੀ ਐਕਟਿੰਗ ਮੇਅਰ, ਰੀਜਨਲ ਕੌਂਸਲਰ, ਕੌਂਸਲਰ, ਸੀਨੀਅਰਜ਼ ਅਤੇ ਸਮੂਹ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕੀਤਾ। ਕੈਲੇਡਨ ਸੀਨੀਅਰਜ਼ ਕਲੱਬ ਦੀ ਸਰਗ਼ਰਮੀਆਂ ਸਬੰਧੀ ਵਧੇਰੇ ਜਾਣਕਾਰੀ ਦਰਸ਼ਨ ਸਿੰਘ ਗਰੇਵਾਲ ਨੂੰ 647-614-3501 'ਤੇ ਫ਼ੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਸੀਨੀਅਰ ਮੇਲਾ 11 ਜੂਨ ਨੂੰ

ਸੁਰਜੀਤ ਸਿੰਘ ਫਲੋਰਾ: ਇੰਡੀਅਨ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਸ਼ਨੀਵਾਰ 11 ਜੂਨ, 2022 ਨੂੰ ਸ਼ਾਮ 11:30 ਵਜੇ ਤੋਂ ਸ਼ਾਮ 6 ਵਜੇ ਤੱਕ 75 ਟਿੰਬਰਲੇਨ ਪਾਰਕ ਬਰੈਂਪਟਨ (ਗੁਰਦੁਆਰਾ ਨਾਨਕਸਰ ਦੇ ਸਾਹਮਣੇ) ਵਿਖੇ 14ਵਾਂ ਸਲਾਨਾ ਸੀਨੀਅਰਜ਼ ਫਨ ਫੇਅਰ ਮੇਲਾ ਆਯੋਜਿਤ ਕੀਤਾ ਜਾ ਰਿਹਾ ਹੈ। ਜਿਸ ਦਾ ਉਦਘਾਟਨ ਆਰਮਰ ਇੰਸ਼ੋਰੈਂਸ ਬ੍ਰੋਕਰਜ਼ ਦੇ ਸੀਈਓ ਸੁਖਦੀਪ ਕੰਗ ਰਿਬਨ ਕੱਟ ਕੇ ਉਦਘਾਟਨੀ ਸਮਾਰੋਹ ਦੀ ਸ਼ੁਰੂਆਤ ਕਰਨੇ। ਇਵੈਂਟ ਬੱਚਿਆਂ ਅਤੇ ਬਾਲਗਾਂ ਦੋਵਾਂ ਲਈ ਮਜ਼ੇਦਾਰ ਅਤੇ ਉਤਸ਼ਾਹ ਨਾਲ ਭਰਪੂਰ ਹੋਵੇਗਾ। ਦਿਨ ਭਰ ਚੱਲਣ ਵਾਲੇ ਇਸ ਸਮਾਗਮ ਵਿੱਚ ਨੌਜਵਾਨਾਂ ਅਤੇ ਬਜ਼ੁਰਗਾਂ " ਲਈ ਖੇਡਾਂ ਜਿਵੇਂ ਕਿ ਦੌੜ, ਮਿਊਜ਼ੀਕਲ ਚੇਅਰ, ਫੁਟਬਾਲ, ਕਬੱਡੀ, ਚਾਟੀ ਰੇਸ ਸ਼ਾਮਲ ਸਨ, ਮਨੋਰੰਜਨ ਲਈ ਉਹਨਾਂ ਪੰਜਾਬੀ ਗਿੱਧੇ ਅਤੇ ਖਾਣ ਪੀਣ ਲਈ ਭਰਪੂਰ ਭੋਜਨ ਹੋਵੇਗਾ। ਹੋਰ ਜਾਣਕਾਰੀ ਲਈ ਤੁਸੀਂ ਮੱਘਰ ਸਿੰਘ ਪ੍ਰਧਾਨ ਕਲੱਬ 647-858-8233ਤੇ ਸੰਪਰਕ ਕਰ ਸਕਦੇ ਹੋ।

# ਪਤੀ ਦੇ ਕਤਲ ਦੇ ਦੋਸ਼ ਹੇਠ ਪਤਨੀ ਪ੍ਰੇਮੀ ਸਮੇਤ ਕਾਬੂ

ਤਰਨ ਤਾਰਨ, 6 ਜੂਨ (ਪੋਸਟ ਬਿਊਰੋ)- ਥਾਣਾ ਕੱਚਾ ਪੱਕਾ ਪੁਲਸ ਨੇ ਪਿੰਡ ਸੰਕਤਰਾ ਦੇ 27 ਸਾਲਾ ਹਰਪਾਲ ਸਿੰਘ ਦੀ ਭੇਤਭਰੀ ਹਾਲਤ ਵਿੱਚ ਹੋਈ ਮੌਤ ਦੇ ਸਬੰਧ ਵਿੱਚ ਉਸ ਦੀ ਪਤਨੀ ਅਤੇ ਉਸ ਦੇ ਪ੍ਰੇਮੀ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀਆਂ ਦੀ ਸ਼ਨਾਖਤ ਰਣਜੀਤ ਸਿੰਘ ਰਾਣਾ ਅਤੇ ਰਾਜਬੀਰ ਕੌਰ ਵਾਸੀ ਮੱਖੀ ਕਲਾਂ ਵਜੋਂ ਹੋਈ ਹੈ।

ਇਸ ਸੰਬੰਧ ਵਿੱਚ ਥਾਣਾ ਮੁਖੀ ਨੇ ਦੱਸਿਆ ਕਿ ਹਰਪਾਲ ਸਿੰਘ ਦੀ ਲਾਸ਼ 31 ਮਈ ਨੂੰ ਰਾਜਬੀਰ ਕੌਰ ਦੀ ਮਾਸੀ ਜੋਗਿੰਦਰ ਕੌਰ ਦੇ ਘਰੋਂ ਮੱਖੀ ਕਲਾਂ ਤੋਂ ਮਿਲੀ ਸੀ। ਰਾਜਬੀਰ ਕੌਰ ਦੇ ਪਤੀ ਗੁਰਲਾਲ ਸਿੰਘ ਦੀ ਇੱਕ ਸਾਲ ਪਹਿਲਾਂ ਮੌਤ ਹੋਣ ਉੱਤੇ ਉਸ ਨੇ ਹਰਪਾਲ ਸਿੰਘ ਨਾਲ ਵਿਆਹ ਕਰਵਾ ਲਿਆ ਸੀ। ਇਸੇ ਦੌਰਾਨ ਉਸ ਦੇ ਸਬੰਧ ਰਣਜੀਤ ਸਿੰਘ ਰਾਣਾ ਨਾਲ ਬਣ ਗਏ, ਜਿਸ ਨੇ ਹਰਪਾਲ ਸਿੰਘ ਨੂੰ ਰਾਜਬੀਰ ਕੌਰ ਨਾਲੋਂ ਸੰਬੰਧ ਤੋੜਨ ਲਈ ਕਿਹਾ। ਰਾਜਬੀਰ ਇਸੇ ਕਰ ਕੇ ਹਰਪਾਲ ਸਿੰਘ ਨੂੰ ਕੁਝ ਦਿਨ ਪਹਿਲਾਂ ਛੱਡ ਕੇ ਸੰਕਤਰਾ ਤੋਂ ਰਾਣੇ ਕੋਲ ਆ ਗਈ ਸੀ। ਬੀਤੀ 27 ਮਈ ਨੂੰ ਹਰਪਾਲ ਸਿੰਘ, ਰਾਜਬੀਰ ਨੂੰ ਮਿਲਣ ਲਈ ਮੱਖੀ ਕਲਾਂ ਗਿਆ। ਰਾਜਬੀਰ ਨੇ ਹਰਪਾਲ ਨੂੰ ਆਪਣੀ ਮਾਸੀ ਜੋਗਿੰਦਰ ਕੌਰ ਦੇ ਘਰ ਠਹਿਰਾ ਦਿਤਾ ਤੇ ਰਾਤ ਵੇਲੇ ਰਾਣੇ ਅਤੇ ਰਾਜਬੀਰ ਨੇ ਹਰਪਾਲ ਸਿੰਘ ਦੀ ਹੱਤਿਆ ਕਰ ਕੇ ਲਾਸ਼ ਇੱਕ ਕਮਰੇ ਵਿੱਚ ਬੰਦ ਕਰ ਦਿੱਤੀ। ਪਰਵਾਰ ਨੇ ਹਰਪਾਲ ਸਿੰਘ ਦੀ ਲਾਸ਼ 31 ਮਈ ਨੂੰ ਬਰਾਮਦ ਕਰ ਕੇ ਬਿਨਾਂ ਕੋਈ ਕਾਰਵਾਈ ਕੀਤਿਆਂ ਉਸ ਦਾ ਸਸਕਾਰ ਕਰ ਦਿੱਤਾ। ਇਸ ਬਾਰੇ ਹਰਪਾਲ ਸਿੰਘ ਦੇ ਭਰਾ ਗੁਰਲਾਲ ਸਿੰਘ ਨੇ ਸ਼ੱਕ ਹੋਣ ਉੱਤੇ ਪੁਲਸ ਨੂੰ ਸ਼ਿਕਾਇਤ ਕੀਤੀ ਜਿਸ ਉੱਤੇ ਪੁਲਸ ਨੇ ਕਾਰਵਾਈ ਕਰਦਿਆਂ ਦੋਵਾਂ ਖਿਲਾਫ ਕੇਸ ਦਰਜ ਕੀਤਾ ਸੀ।

# ਡਾਕਟਰ ਜੀ ਬੀ ਸਿੰਘ ਤੋਂ ਡਾਇਰੈਕਟਰ ਸਿਹਤ ਸੇਵਾਵਾਂ ਦਾ ਚਾਰਜ ਲੈ ਲਿਆ ਗਿਆ

ਚੰਡੀਗੜ੍ਹ, 6 ਜੂਨ (ਪੋਸਟ ਬਿਊਰੋ)- ਪਿਛਲੇ ਦਿਨੀਂ ਮੀਡੀਆ ਵਿੱਚ ਖਬਰਾਂ ਆਉਣ ਪਿੱਛੋਂ ਪੰਜਾਬ ਸਰਕਾਰ ਨੇ ਸਿਹਤ ਵਿਭਾਗ ਪੰਜਾਬ ਵਿੱਚ ਦੋ ਡਾਇਰੈਕਟਰਾਂ ਦਾ ਚਾਰਜ ਸੰਭਾਲ ਰਹੇ ਡਾਕਟਰ ਜੀ ਬੀ ਸਿੰਘ ਤੋਂ ਆਖਰ ਡਾਇਰੈਕਟਰ ਸਿਹਤ ਸੇਵਾਵਾਂ ਦਾ ਵਾਧੂ ਚਾਰਜ ਵਾਪਸ ਲੈ ਲਿਆ ਹੈ ਅਤੇ ਕਿਸੇ ਹੋਰ ਨੂੰ ਦੇ ਦਿੱਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਕਾਂਗਰਸ ਸਰਕਾਰ ਵੇਲੇ ਵੀ ਡਾਕਟਰ ਗੁਰਿੰਦਰਬੀਰ ਸਿੰਘ ਤਿੰਨ ਡਾਇਰੈਕਟਰਾਂ ਦਾ ਵਾਧੂ ਚਾਰਜ ਸੰਭਾਲਦੇ ਸਨ। ਇਸ ਵੇਲੇ ਈ ਐਸ ਆਈ ਤੇ ਸਿਹਤ ਸੇਵਾਵਾਂ ਦੇ ਡਾਇਰੈਕਟਰ ਵਜੋਂ ਤੈਨਾਤ ਹਨ। ਪੰਜਾਬ ਸਰਕਾਰ ਵੱਲੋਂ ਕੱਲ੍ਹ ਜਾਰੀ ਕੀਤੇ ਹੁਕਮਾਂ ਵਿੱਚ ਡਾਕਟਰ ਜੀ ਬੀ ਸਿੰਘ ਤੋਂ ਚਾਰਜ ਵਾਪਸ ਲੈ ਕੇ ਡਾਕਟਰ ਅਰੀਤ ਕੌਰ ਨੂੰ ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਵਿਭਾਗ ਲਾ ਦਿੱਤਾ ਗਿਆ ਹੈ। ਹੁਕਮਾਂ ਮੁਤਾਬਕ ਪੰਜਾਬ ਵਿੱਚ ਸਿਹਤ ਸੇਵਾਵਾਂ ਦੀ ਮਜ਼ਬੂਤੀ ਅਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਚਾਰਜ ਬਦਲਿਆ ਗਿਆ ਹੈ।ਇਨ੍ਹਾਂ ਮੌਕੇ ਸਿਵਲ ਸਰਜਨ ਜਲੰਧਰ ਡਾਕਟਰਰਣਜੀਤ ਸਿੰਘ ਨੂੰ ਪਰਵਾਰ ਭਲਾਈ ਵਿਭਾਗ ਦਾ ਡਾਇਰੈਕਟਰ ਲਾਇਆ ਗਿਆ ਅਤੇ ਡਾਕਟਰ ਰਮਨ ਸ਼ਰਮਾ ਡਾਇਰੈਕਟਰ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨੂੰ ਸਿਵਲ ਸਰਜਨ ਜਲੰਧਰ ਤੈਨਾਤ ਕੀਤਾ ਹੈ।


REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਟੋਰਾਂਟੋ ਦੇ ਸੈਂਟਰ ਆਈਲੈਂਡ ਦਾ ਟੂਰ ਲਾਇਆ































ਬਰੈਂਪਟਨ, (ਡਾ. ਝੰਡ) - ਪਿਛਲੇ 4-5 ਸਾਲ ਤੋਂ ਬਰੈਂਪਟਨ ਵਿਚ ਵਿਚਰ ਰਹੀ ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਅਧਿਕਾਰੀਆਂ ਤੇ ਕਰਮਚਾਰੀਆਂ ਦੀ 'ਪੀ.ਐੱਸ.ਬੀ. ਸੀਨੀਅਰਜ਼ ਕਲੱਬ' ਦੇ ਮੈਂਬਰਾਂ ਨੇ 28 ਮਈ ਨੂੰ ਟੋਰਾਂਟੋ ਦੇ ਸੈਂਟਰ ਆਈਲੈਂਡ ਦਾ ਪਰਿਵਾਰਿਕ ਟੂਰ ਲਗਾਇਆ ਜਿਸ ਵਿਚ ਇਸ ਦੇ 104 ਮੈਂਬਰਾਂ ਨੇ ਸ਼ਾਮਲ ਹੋ ਕੇ ਇਸ ਦਾ ਭਰਪੂਰ ਅਨੰਦ ਮਾਣਿਆਂ। ਓਨਟਾਰੀਓ ਖਾਲਸਾ ਦਰਬਾਰ ਡਿਕਸੀ ਗੁਰੂਘਰ ਦੀ ਪਾਰਕਿੰਗ ਵਿਚ ਖੜੀਆਂ ਤਿੰਨ ਬੱਸਾਂ 'ਤੇ ਸਵੇਰੇ 10.00 ਵਜੇ ਸਵਾਰ ਹੋ ਕੇ ਉਹ ਪੌਣੇ ਗਿਆਰਾਂ ਵਜੇ ਦੇ ਕਰੀਬ ਟੋਰਾਂਟੋ ਡਾਊਨ ਟਾਊਨ ਤੋਂ ਸੈਂਟਰ ਆਈਲੈਂਡ ਨੂੰ ਜਾਣ ਵਾਲੀਆਂ ਫ਼ੈਰੀਆਂ ਦੇ ਸਟੇਸ਼ਨ 'ਤੇ ਪਹੁੰਚ ਗਏ ਅਤੇ ਜਲਦੀ ਹੀ ਸਾਰੇ ਇਕ ਫ਼ੈਰੀ ਵਿਚ ਸਵਾਰ ਹੋ ਗਏ।

ਫ਼ੈਰੀ ਦਾ ਇਹ ਸਫ਼ਰ ਬੜਾ ਸੁਹਾਵਣਾ ਤੇ ਦਿਲਚਸਪ ਸੀ ਅਤੇ ਪਹਿਲੀ ਵਾਰ ਇਸ ਵਿਚ ਬੈਠਣ ਵਾਲਿਆਂ ਲਈ ਤਾਂ ਇਹ ਹੋਰ ਵੀ ਖਿੱਚ ਭਰਪੂਰ ਸੀ। ਫ਼ੈਰੀ ਵਿਚ ਕਈਆਂ ਨੇ ਟੋਰਾਂਟੋ ਡਾਊਨ ਟਾਊਨ ਦੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਅਤੇ ਸੀ.ਐੱਨ ਟਾਵਰ ਦੀਆਂ ਤਸਵੀਰਾਂ ਆਪਣੇ ਸੈੱਲ-ਫ਼ੋਨਾਂ ਨਾਲ ਲਈਆਂ। ਫ਼ੈਰੀ ਦੇ ਦੋਵੇਂ ਪਾਸੇ ਚੱਲ ਰਹੀਆਂ ਕਿਸ਼ਤੀਆਂ ਅਤੇ ਸੈਂਟਰ ਆਈਲੈਂਡ ਦੇ ਛੋਟੇ ਜਿਹੇ ਹਵਾਈ-ਅੱਡੇ 'ਤੇ ਚੜ੍ਹਦੇ-ਉੱਤਰਦੇ ਹਵਾਈ-ਜਹਾਜ਼ ਵੀ ਸਾਰਿਆਂ ਦੀ ਖਿੱਚ ਦਾ ਕਾਰਨ ਬਣੇ ਹੋਏ ਸਨ। 40 ਕੁ ਮਿੰਟਾਂ ਵਿਚ ਫ਼ੈਰੀ ਸੈਂਟਰ ਆਈਲੈਂਡ ਦੇ ਕੰਢੇ ਬਣੇ ਸ਼ਾਨਦਾਰ ਘਾਟ 'ਤੇ ਪਹੁੰਚ ਗਈ। ਫ਼ੈਰੀ 'ਚੋਂ ਉੱਤਰ ਕੇ ਸਾਰੇ ਜਣੇ ਇਕ ਪਾਰਕ ਵਿਚ ਇਕੱਠੇ ਹੋ ਗਏ। ਇੱਥੇ ਸਾਰੇ ਮੈਂਬਰਾਂ ਨੂੰ ਸਨੈਕਸ, ਜੂਸ ਅਤੇ ਪਾਣੀ ਦੀਆਂ ਬੋਤਲਾਂ ਸਰਵ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਬੱਸਾਂ ਤੇ ਫ਼ੇਰੀ ਦੇ ਕਿਰਾਏ ਸਮੇਤ ਇਸ ਸੱਭ ਕਾਸੇ ਦੇ ਲਈ ਪ੍ਰਬੰਧਕਾਂ ਵੱਲੋਂ ਉਨ੍ਹਾਂ ਕੋਲੋਂ ਕੋਈ ਖ਼ਰਚਾ ਵਸੂਲ ਨਹੀਂ ਕੀਤਾ ਗਿਆ।

ਪੀ.ਐੱਸ.ਬੀ. ਦੇ ਪ੍ਰਧਾਨ ਗੁਰਚਰਨ ਸਿੰਘ ਖੱਖ, ਮੀਤ-ਪ੍ਰਧਾਨ ਗਿਆਨ ਪਾਲ ਤੇ ਸਕੱਤਰ ਹਰਚਰਨ ਸਿੰਘ ਰਾਜਪੂਤ ਵੱਲੋਂ ਆਪਣੇ ਸੰਬੋਧਨਾਂ ਰਾਹੀਂ ਸਾਰੇ ਮੈਂਬਰਾਂ ਦਾ ਸੁਆਗਤ ਕੀਤਾ ਗਿਆ ਅਤੇ ਇਸ ਪਿਕਨਿਕ ਦੇ ਪ੍ਰੋਗਰਾਮ ਦਾ ਵੇਰਵਾ ਦੱਸਿਆ ਗਿਆ। ਕਾਰਜਕਾਰਨੀ ਦੇ ਮੈਂਬਰ ਸੁਖਦੇਵ ਸਿੰਘ ਬੇਦੀ ਨੇ ਇਸ ਆਈਲੈਂਡ ਵਿਚ ਮੌਜੂਦ ਦਿਲਚਸਪ ਤੇ ਮਹੱਤਵਪੂਰਨ ਥਾਵਾਂ ਅਤੇ ਸਹੂਲਤਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਪਿਕਨਿਕ ਵਿਚ ਸ਼ਾਮਲ ਸਾਰੇ ਮੈਂਬਰਾਂ ਦੀ ਇਕ ਗਰੁੱਪ ਫ਼ੋਟੋ ਵੀ ਲਈ ਗਈ।

ਉਪਰੰਤ, ਸਾਰੇ ਮੈਂਬਰ ਛੋਟੇ-ਛੋਟੇ ਗਰੁੱਪਾਂ ਵਿਚ ਆਈਲੈਂਡ ਦੀ ਸੈਰ ਨੂੰ ਚੱਲ ਪਏ। ਉਨ੍ਹਾਂ ਨੇ ਇੱਥੇ ਬਣੇ ਸ਼ਾਨਦਾਰ ਪਾਰਕਾਂ, ਫੁਹਾਰਿਆਂ ਅਤੇ ਕੁਦਰਤੀ ਨਜ਼ਾਰਿਆਂ ਦਾ ਰੱਜ ਕੇ ਲੁਤਫ਼ ਲਿਆ। ਗਰੁੱਪਾਂ ਵਿਚ ਬੈਠ ਕੇ ਹੀ ਦੁਪਹਿਰ ਦਾ ਭੋਜਨ ਛਕਿਆ ਜੋ ਉਹ ਆਪਣੇ ਨਾਲ ਲਿਆਏ ਸਨ। ਕਈਆਂ ਨੇ ਸਾਈਕਲਿੰਗ ਦਾ ਅਤੇ ਕਈਆਂ ਬੀਚ ਦੇ ਕੰਢੇ ਬੈਠ ਕੇ ਸੁਹਾਵਣੇ ਮੌਸਮ ਵਿਚ ਸੂਰਜ ਦੀ ਨਿੱਘੀ ਧੁੱਪ ਦਾ ਅਨੰਦ ਲਿਆ। ਚਾਹ ਅਤੇ ਕੌਫ਼ੀ ਦੀਆਂ ਚੁਸਕੀਆਂ ਦੌਰਾਨ ਚੁਟਕਲੇ-ਬਾਜ਼ੀ, ਕਵਿਤਾ-ਉਚਾਰਨ, ਗੀਤ-ਸੰਗੀਤ ਅਤੇ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਦਾ ਦੌਰ ਵੀ ਚੱਲਦਾ ਰਿਹਾ। ਗੱਲ ਕੀ, ਇਸ ਮੌਕੇ ਲੱਗਭੱਗ ਸਾਰਿਆਂ ਨੇ ਹੀ ਆਪੋ-ਆਪਣੇ ਢੰਗ ਨਾਲ ਖ਼ੁਸ਼ੀ ਦਾ ਇਜ਼ਹਾਰ ਕੀਤਾ। ਏਨੇ ਨੂੰ ਸ਼ਾਮ ਦੇ ਪੌਣੇ ਚਾਰ ਵੱਜ ਗਏ ਅਤੇ ਫਿਰ ਸਾਰਿਆਂ ਨੇ ਘਰਾਂ ਨੂੰ ਵਾਪਸੀ ਦੀ ਤਿਆਰੀ ਕਰ ਲਈ। ਚਾਰ ਕੁ ਵਜੇ ਫ਼ੈਰੀ ਲੈ ਕੇ ਜਦੋਂ ਵਾਪਸ ਪਹੁੰਚੇ ਤਾਂ ਅੱਗੇ ਬੱਸਾਂ ਤਿਆਰ ਖੜੀਆਂ ਸਵਾਰੀਆਂ ਦੀ ਉਡੀਕ ਕਰ ਰਹੀਆਂ ਸਨ ਅਤੇ ਉਨ੍ਹਾਂ ਵਿਚ ਸਵਾਰ ਹੋ ਕੇ ਘਰ-ਵਾਪਸੀ ਦਾ ਸਫ਼ਰ ਅਰੰਭ ਹੋ ਗਿਆ। ਖ਼ੁਸ਼ੀਆਂ ਭਰਪੂਰ ਇਸ ਪਿਕਨਿਕ ਦਾ ਸਾਰਿਆਂ ਨੇ ਪੂਰਾ ਅਨੰਦ ਮਾਣਿਆਂ ਅਤੇ ਇਸ ਦੀ ਸੁਹਾਵਣੀ ਯਾਦ ਲੰਮੇਂ ਸਮੇਂ ਤੱਕ ਸੱਭਨਾਂ ਦੇ ਮਨ ਵਿਚ ਰਹੇਗੀ।

# ਵਿਕਾਸ ਹੀ ਹੋ ਸਕਦੈ ਕਸ਼ਮੀਰ ਵਿੱਚ ਟਾਰਗੈਟ ਕਿਲਿੰਗ ਦਾ ਤੋੜ

-ਵਿਜੇ ਵਿਦਰੋਹੀ-

ਕਸ਼ਮੀਰ ਘਾਟੀ ਦੇ ਕੁਲਗਾਮ ਜ਼ਿਲੇ ਵਿੱਚ ਬੈਂਕ ਦੀ ਬ੍ਰਾਂਚ ਵਿੱਚ ਤਿੰਨ ਦਿਨ ਪਹਿਲਾਂ ਵਿਜੇ ਬੇਨੀਵਾਲ ਦੀ ਬਦਲੀ ਹੋਈ ਸੀ, ਤੀਸਰੇ ਦਿਨ ਉਸ ਦੀ ਹੱਤਿਆ ਕਰ ਦਿੱਤੀ ਗਈ। ਸੀ ਸੀ ਟੀ ਦੀ ਫੁਟੇਜ਼ ਵਿੱਚ ਇੱਕ ਅੱਤਵਾਦੀ ਬੈਂਕ ਵਿੱਚ ਦਾਖਲ ਹੋਇਆ, ਉਸ ਕੋਲ ਸਾਇਲੈਂਸਰ ਲੱਗੀ ਰਿਵਾਲਵਰ ਸੀ। ਉਹ ਸਿੱਧਾ ਵਿਜੇ ਬੇਨੀਵਾਲ ਉੱਤੇ ਗੋਲੀਆਂ ਦਾਗਦਾ ਤੇ ਫਰਾਰ ਹੋ ਜਾਂਦਾ ਹੈ। ਇੱਥੇ ਕਈ ਸਵਾਲ ਉਠਦੇ ਹਨ। ਇੱਕ, ਅੱਤਵਾਦੀਆਂ ਨੂੰ ਕਿਵੇਂ ਇੰਨੀ ਜਲਦੀ ਪਤਾ ਲੱਗਾ ਕਿ ਵਿਜੇ ਬੇਨੀਵਾਲ ਨਾਂਅ ਦਾ ਗੈਰ ਕਸ਼ਮੀਰੀ ਇਸ ਬੈਂਕ ਦੀ ਇਸ ਬ੍ਰਾਂਚ ਵਿੱਚ ਆਇਆ ਹੈ? ਦੋ, ਇੰਨੀ ਛੇਤੀ ਹੱਤਿਆਰਾ ਲੱਭਿਆ ਗਿਆ? ਤਿੰਨ, ਹਤਿਆਰੇ ਨੂੰ ਵਿਜੇ ਬੇਨੀਵਾਲ ਨੂੰ ਪਛਾਣਨ ਵਿੱਚ ਦਿੱਕਤ ਕਿਉਂ ਨਾ ਆਈ? ਚਾਰ, ਕਾਤਲ ਨੇ ਬੈਂਕ ਵਿੱਚ ਵੜ ਕੇ ਇਧਰ-ਉਧਰ ਨਜ਼ਰਾਂ ਕਿਉਂ ਨਾ ਘੁਮਾਈਆਂ, ਸਿੱਧਾ ਵਿਜੇ ਬੇਨੀਵਾਲ ਵੱਲ ਕਿਉਂ ਗਿਆ? ਭਾਵ ਕਾਤਲ ਨੂੰ ਇਥੋਂ ਤੱਕ ਪਤਾ ਸੀ ਕਿ ਬੈਂਕ ਵਿੱਚ ਵਿਜੇ ਕਿੱਥੇ ਬੈਠਾ ਹੈ। ਇਹ ਸਵਾਲ ਦੱਸਦੇ ਹਨ ਕਿ ਕਸ਼ਮੀਰ ਵਿੱਚ ਅੱਤਵਾਦੀਆਂ ਅਤੇ ਪਾਕਿਸਤਾਨੀ ਫੌਜ, ਆਈ ਐੱਸ ਆਈ ਦੇ ਸਾਜ਼ਿਸ਼ਕਰਤਾਵਾਂ ਨੇ ਕਿਵੇਂ ਆਪਣੀ ਰਣਨੀਤੀ ਬਦਲ ਲਈ ਹੈ।

ਸੂਤਰ ਦੱਸਦੇ ਹਨ ਕਿ ਅੱਜਕੱਲ੍ਹ ਅਜਿਹੇ 'ਵਨ ਟਾਈਮ' ਅੱਤਵਾਦੀ ਆਨਲਾਈਨ ਭਰਤੀ ਕੀਤੇ ਜਾਣ ਲੱਗੇ ਹਨ। ਜਿਸ ਦੀ ਹੱਤਿਆ ਕਰਨੀ ਹੈ, ਉਸ ਦੀ ਤਸਵੀਰ ਨਾਲ ਪੂਰਾ ਵੇਰਵਾ ਆਨਲਾਈਨ ਭੇਜਿਆ ਜਾਂਦਾ ਹੈ, ਰਿਵਾਲਵਰ ਕੋਈ ਭਿਜਵਾਉਂਦਾ ਹੈ, ਪਰ ਕਾਤਲ ਨੂੰ ਗੂਗਲ ਦੇਖ ਕੇ ਨਿਸ਼ਾਨਾ ਲਾਉਣਾ ਸਿੱਖਣਾ ਹੁੰਦਾ ਹੈ। ਕਤਲ ਦੇ ਬਾਅਦ ਦਾ ਕਾਤਲ ਦਾ ਐਸਕੇਪ ਰੂਟ (ਸੁਰੱਖਿਅਤ ਬਚ ਨਿਕਲਣ ਦਾ ਰਸਤਾ) ਪਹਿਲਾਂ ਤੋਂ ਤੈਅ ਹੁੰਦਾ ਹੈ। ਜੇ ਕਾਤਲ ਨੂੰ ਕੁਝ ਦਿਨ ਲੁਕਾਉਣ ਦੀ ਲੋੜ ਹੈ, ਤਾਂ ਅਜਿਹਾ ਸੁਰੱਖਿਅਤ ਘਰ ਵੀ ਪਹਿਲਾਂ ਤੈਅ ਹੁੰਦਾ ਹੈ। ਉਸ ਦੇ ਅਕਾਊਂਟ ਵਿੱਚ ਕ੍ਰਿਪਟੋ ਕਰੰਸੀ ਰਾਹੀਂ ਪੈਸਾ ਭਿਜਵਾ ਦਿੱਤਾ ਜਾਂਦਾ ਹੈ।ਕਿਉਂਕਿ ਅਜਿਹੇ ਵਨ ਟਾਈਮ ਕਾਤਲਾਂ ਦਾ ਕੋਈ ਕ੍ਰਿਮੀਨਲ ਰਿਕਾਰਡ ਪੁਲਸ ਕੋਲ ਨਹੀਂ ਹੁੰਦਾ, ਅਜਿਹੇ ਲੋਕ ਪਕੜ ਵਿੱਚ ਵੀ ਨਹੀਂ ਆ ਸਕਦੇ। ਏ ਕੇ 47 ਲੈ ਕੇ ਨਿਕਲਣਾ, ਉਸ ਨੂੰ ਲੁਕਾਉਣਾ, ਗੋਲੀ ਦਾਗਣ ਦੇ ਬਾਅਦ ਸੁਰੱਖਿਅਤ ਨਿਕਲ ਜਾਣਾ ਮੁਸ਼ਕਲ ਹੁੰਦਾ ਹੈ, ਪਰ ਛੋਟੀ ਜਿਹੀ ਰਿਵਾਲਵਰ ਕਿਤੇ ਵੀ ਆਸਾਨੀ ਨਾਲ ਲੁਕਾਈ ਜਾ ਸਕਦੀ ਹੈ, ਸਸਤੀ ਵੀ ਪੈਂਦੀ ਹੈ। ਡਰੋਨ ਰਾਹੀਂ ਭਿਜਵਾਈ ਜਾ ਸਕਦੀ ਹੈ, ਕੁੱਲ ਮਿਲਾ ਕੇ ਇਲਾਕੇ ਵਿਸ਼ੇਸ਼ ਦੀ ਕਿਸੇ ਗਲੀ ਮੁਹੱਲੇ ਤੋਂ ਕੋਈ ਇੱਕ ਨਿਵੇਕਲਾ ਅੱਤਵਾਦੀ ਨਿਕਲਦਾ ਹੈ, ਹੱਤਿਆ ਕਰਦਾ ਅਤੇ ਘਰ ਆ ਕੇ ਨਿਊਜ਼ ਚੈਨਲ ਉੱਤੇ ਆਪਣੀ ਹਰਕਤ ਦੇ ਬਾਰੇ ਵਿੱਚ ਦੇਖਦਾ-ਸੁਣਦਾ ਹੈ।

ਫੌਜੀ ਸੂਤਰਾਂ ਦਾ ਕਹਿਣਾ ਹੈ ਕਿ ਧਾਰਾ 370 ਹਟਣ ਤੋਂ ਪਹਿਲਾਂ ਸਥਾਨਕ ਇਲਾਕੇ ਵਿੱਚ ਕੀ ਹੋ ਰਿਹਾ ਹੈ, ਜਨਤਾ ਕੀ ਸੋਚਦੀ ਹੈ, ਨੌਜਵਾਨ ਵਰਗ ਵਿੱਚ ਕਿਸੇ ਗੱਲ ਬਾਰੇ ਕਿੰਨਾ ਗੁੱਸਾ ਹੈ, ਮੁਹੱਲੇ ਵਿੱਚ ਕਈ ਸ਼ੱਕੀ ਸਰਗਰਮੀਆਂ ਹੋਈਆਂ ਜਾਂ ਨਹੀਂ ਆਦਿ ਸੂਚਨਾਵਾਂ ਫੌਜ ਨੂੰ ਪੁਲਸ ਦਿੰਦੀ ਸੀ, ਪਰ ਧਾਰਾ 370 ਹਟਣ ਪਿੱਛੋਂ ਪੁਲਸ ਵੱਲੋਂ ਇਹ ਸਹਿਯੋਗ ਮਿਲਣਾ ਘੱਟ ਜਾਂ ਬੰਦ ਹੋ ਗਿਆ ਹੈ। ਜੇ ਇਹ ਸਹੀ ਹੈ ਤਾਂ ਇਹ ਸਹਿਯੋਗ ਵਧਾਉਣਾ ਜ਼ਰੂਰੀ ਹੈ। ਇਸ ਤਰ੍ਹਾਂ ਬੀਟ ਪੁਲਸਿੰਗ ਦੀ ਵਿਵਸਥਾ ਉੱਤੇ ਜ਼ੋਰ ਦੇਣਾ ਜ਼ਰੂਰੀ ਹੈ। ਵੋਕਲ ਫਾਰ ਲੋਕਲ ਦੀ ਤਰਜ਼ ਉੱਤੇ ਖੁਫੀਆ ਏਜੰਸੀਆਂ ਨੂੰ ਲੋਕਲ ਅੱਤਵਾਦੀਆਂ ਉੱਤੇ ਨਜ਼ਰ ਰੱਖਣੀ ਤੇ ਉਸ ਉੱਤੇ ਵੋਕਲ ਹੋਣਾ (ਸੂਚਨਾ ਹੋਰ ਏਜੰਸੀਆਂ ਨਾਲ ਸ਼ੇਅਰ ਕਰਨ) ਸਮੇਂ ਦੀ ਲੋੜ ਹੈ। ਉਨ੍ਹਾ ਲੋਕਾਂ ਨੂੰ ਲੱਭਣਾ, ਜਿਨ੍ਹਾਂ ਨੂੰ ਪੁਲਸ ਅਪਰਾਧੀ ਵਜੋਂ ਜਾਣਦੀ ਤੱਕ ਨਹੀਂ, ਸਾਫ ਹੈ ਕਿ ਲੋਕਲ ਪੱਧਰ ਉੱਤੇ ਇੰਟੈਲੀਜੈਂਸ ਨੂੰ ਚੁਸਤ ਕਰ ਕੇ ਕੁਝ ਕੀਤਾ ਜਾ ਸਕਦਾ ਹੈ। ਜੰਮੂ-ਕਸ਼ਮੀਰ ਪੁਲਸ ਅਨੁਸਾਰ ਇੱਕ ਜਨਵਰੀ ਤੋਂ 31 ਮਈ 2022 ਤੱਕ ਕਸ਼ਮੀਰ ਘਾਟੀ ਵਿੱਚ 100 ਦੇ ਲਗਭਗ ਹਾਈਬ੍ਰਿਡ ਮਿਲੀਟੈਂਟ ਫੜੇ ਅਤੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਨੱਬੇ ਤੋਂ ਵੱਧ ਪਿਸਤੌਲ ਅਤੇ ਗ੍ਰਨੇਡ ਮਿਲੇ ਹਨ। ਪਿਛਲੇ ਸਾਲ150 ਦੇ ਲਗਭਗ ਪਿਸਤੌਲ ਸੁਰੱਖਿਆ ਬਲਾਂ ਨੇ ਫੜੇ ਸਨ। ਇਸ ਦੇ ਬਾਅਦ ਤੋਂ ਇਹ ਸ਼ੱਕ ਪ੍ਰਗਟਾਇਆ ਗਿਆ ਸੀ ਕਿ ਅੱਤਵਾਦੀ ਟਾਰਗੈਟ ਕਿਲਿੰਗ ਕਰ ਸਕਦੇ ਹਨ ਤੇ ਅਕਤੂਬਰ 21 ਵਿੱਚ ਸ਼ੱਕ ਸੱਚ ਵਿੱਚ ਬਦਲ ਗਿਆ ਜਦੋਂ ਇੱਕ ਦੇ ਬਾਅਦ ਇੱਕ ਨੌਂ ਵਿਅਕਤੀਆਂ ਨੂੰ ਮਾਰ ਦਿੱਤਾ ਗਿਆ। ਇਨ੍ਹਾਂ ਵਿੱਚ ਕਸ਼ਮੀਰੀ ਪੰਡਿਤ, ਹਿੰਦੂ, ਸਿੱਖ ਅਤੇ ਪਰਵਾਸੀ ਮਜ਼ਦੂਰ ਸਨ। ਉਸ ਦੇ ਬਾਅਦ ਸੁਰੱਖਿਆ ਬਲਾਂ ਦੇ ਆਪਰੇਸ਼ਨ ਆਲ ਆਊਟ ਵਿੱਚ ਇਨ੍ਹਾਂ ਸ਼ੂਟਰ ਗੈਂਗਸ ਦੇ ਬਹੁਤ ਸਾਰੇ ਅੱਤਵਾਦੀਆਂ ਨੂੰ ਮਾਰਿਆ ਗਿਆ, ਪਰ ਅੱਤਵਾਦ ਜੜ੍ਹ ਤੋਂ ਖਤਮ ਨਹੀਂ ਹੋਇਆ ਤੇ ਇੱਕ ਵਾਰ ਫਿਰ ਤੋਂ ਇਹ ਲੋਕ ਕਸ਼ਮੀਰੀ ਹਿੰਦੂਆਂ ਤੇ ਪਰਵਾਸੀ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਣ ਲੱਗੇ ਹਨ।

ਏਦਾਂ ਨਹੀਂ ਕਿ ਘਾਟੀ ਵਿੱਚ ਕਤਲਾਂ ਦਾ ਸਿਲਸਿਲਾ ਅਚਾਨਕ ਵਧਿਆ ਹੈ। ਇਸ ਸਾਲ 31 ਮਈ ਤੱਕ 17 ਆਮ ਨਾਗਰਿਕ ਮਾਰੇ ਗਏ। ਪਿਛਲੇ ਸਾਲ 36 ਮਾਰੇ ਗਏ ਸਨ। 2020 ਵਿੱਚ 33, 2019 ਵਿੱਚ 42, 2018 ਵਿੱਚ 86 ਅਤੇ 2017 ਵਿੱਚ 54 ਆਮ ਲੋਕ ਮਾਰੇ ਗਏ ਸਨ। ਇਸੇ ਤਰ੍ਹਾਂ 2014 ਵਿੱਚ ਜਦੋਂ ਮੋਦੀ ਪ੍ਰਧਾਨ ਮੰਤਰੀ ਬਣੇ ਅਤੇ ਕਸ਼ਮੀਰ ਵਿੱਚ ਕੁਝ ਤਕੜਾ ਕਰਨ ਦੀ ਗੱਲ ਚੱਲ ਰਹੀ ਸੀ, ਉਦੋਂ 28 ਆਮ ਲੋਕ ਮਾਰੇ ਗਏ। ਅਗਲੇ ਸਾਲ ਇਹ ਅੰਕੜਾ ਘੱਟ ਹੋ ਕੇ 19 ਉੱਤੇ ਆਇਆ ਅਤੇ ਅਗਲੇ ਸਾਲ ਸਿਰਫ 14 ਆਮ ਲੋਕ ਮਾਰੇ ਗਏ, ਪਰ ਉਸ ਦੇ ਬਾਅਦ ਦੇ ਸਾਲਾਂ ਵਿੱਚ ਇਹ ਗਿਣਤੀ ਤੇਜ਼ੀ ਨਾਲ ਵਧੀ। 2019 ਵਿੱਚ ਧਾਰਾ 370 ਹਟਾਈ ਗਈ ਤਾਂ ਘਾਟੀ ਵਿੱਚ 42 ਆਮ ਲੋਕ ਮਾਰੇ ਜਾਂਦੇ ਹਨ।

ਇਸ ਸਾਲ ਕਸ਼ਮੀਰ ਵਿੱਚ 10 ਲੱਖ ਸੈਲਾਨੀ ਆਏ ਸਨ ਅਤੇ ਅਮਰਨਾਥ ਯਾਤਰਾ ਲਈ ਢਾਈ ਲੱਖ ਤੋਂ ਵੱਧ ਰਜਿਸਟਰੇਸ਼ਨ ਹੋ ਚੁੱਕੀ ਹੈ। ਜ਼ਾਹਿਰ ਹੈ ਕਿ ਕੁਝ ਲੋਕਾਂ ਨੂੰ ਇਹ ਸਭ ਪਸੰਦ ਨਹੀਂ ਆ ਰਿਹਾ ਅਤੇ ਉਹ ਟਾਰਗੈਟ ਕਿਲਿੰਗ ਕਰਦੇ ਹਨ। ਇਹੀ ਵਜ੍ਹਾ ਹੈ ਕਿ ਪ੍ਰਸ਼ਾਸਨ ਕਸ਼ਮੀਰੀ ਪੰਡਤਾਂ ਅਤੇ ਗੈਰ ਕਸ਼ਮੀਰੀ ਨੌਕਰੀਪੇਸ਼ਾ ਲੋਕਾਂ ਨੂੰ ਸੁਰੱਖਿਆ ਦੇਣ ਦੀ ਗੱਲ ਤਾਂ ਕਰਦਾ ਹੈ, ਪਰ ਉਨ੍ਹਾਂ ਨੂੰ ਕੁਝ ਸਮੇਂ ਲਈ ਡੈਪੂਟੇਸ਼ਨ ਉੱਤੇ ਜੰਮੂ ਵੱਲ ਭੇਜਣ ਲਈ ਸਹਿਮਤ ਨਹੀਂ। ਉਸ ਨੂੰ ਡਰ ਹੈ ਕਿ ਜੇ ਅਜਿਹਾ ਕੀਤਾ ਤਾਂ ਅੱਤਵਾਦੀਆਂ ਦੀ ਜਿੱਤ ਹੋਵੇਗੀ, ਪਾਕਿਸਤਾਨ ਆਪਣੇ ਮਕਸਦ ਵਿੱਚ ਸਫਲ ਹੋਵੇਗਾ ਤੇ ਮੋਦੀ ਸਰਕਾਰ ਦੀਆਂ ਸਖਤ ਨੀਤੀਆਂ ਦੀ ਕਮਜ਼ੋਰੀ ਬਾਹਰ ਆਵੇਗੀ, ਪਰ ਦੂਸਰੇ ਵਰਗ ਦਾ ਕਹਿਣਾ ਹੈ ਕਿ ਆਪਣੀ ਸ਼ਾਨ ਲਈ ਅਜਿਹੇ ਸਰਕਾਰੀ ਮੁਲਾਜ਼ਮਾਂ ਦੀ ਜਾਨ ਜੋਖਮ ਵਿੱਚ ਪਾਉਣੀ ਕੋਈ ਸਮਝ ਦਾ ਕਦਮ ਨਹੀਂ। ਅਜਿਹੇ ਲੋਕਾਂ ਦੀ ਗਿਣਤੀ 10,000 ਦੇ ਨੇੜੇ-ਤੇੜੇ ਹੈ। ਸਾਰਿਆਂ ਨੂੰ ਨਿੱਜੀ ਸੁਰੱਖਿਆ ਦੇਣੀ ਸੰਭਵ ਨਹੀਂ।

ਇਸ ਦੌਰਾਨ ਅੱਸੀ ਫੀਸਦੀ ਤੋਂ ਵੱਧ ਕਸ਼ਮਰੀ ਪੰਡਤ ਜੰਮੂ ਜਾ ਚੁੱਕੇ ਹਨ। ਇਹ ਆਪਣੇ ਆਪ ਵਿੱਚ ਸ਼ਰਮਨਾਕ ਹੈ। ਜੰਮੂ-ਕਸ਼ਮੀਰ ਵਿੱਚ ਲੈਫਟੀਨੈਂਟ ਗਵਰਨਰ ਦਾ ਸ਼ਾਸਨ ਹੈ। ਉਥੇ ਨਾ ਵਿਧਾਨ ਸਭਾ ਹੈ, ਨਾ ਪੰਚਾਇਤਾਂ ਹੀ ਕੰਮ ਕਰ ਰਹੀਆਂ ਹਨ। ਡੀ ਡੀ ਸੀ ਦੀਆਂ ਚੋਣਾਂ ਜ਼ਰੂਰ ਹੋਈਆਂ, ਪਰ ਅਜੇ ਅਧਿਕਾਰ ਸੀਮਿਤ ਹਨ। ਕਿਹਾ ਜਾ ਰਿਹਾ ਹੈ ਕਿ ਘਾਟੀ ਵਿੱਚ ਸਰਕਾਰ ਨਾਂਅ ਦੀ ਕੋਈ ਚੀਜ਼ ਨਹੀਂ। ਵਿਧਾਇਕ ਅਫਸਰਸ਼ਾਹੀ ਅਤੇ ਜਨਤਾ ਦਰਮਿਆਨ ਗੱਲਬਾਤ ਦਾ ਕੰਮ ਕਰਦੇ ਹਨ। ਕੀ ਇਹ ਮੰਨਿਆ ਜਾਵੇ ਕਿ ਜੰਮੂ ਕਸ਼ਮੀਰ ਵਿੱਚ ਜਲਦੀ ਵਿਧਾਨ ਸਭਾ ਚੋਣਾਂ ਕਰਾਉਣ ਤੇ ਸੂਬੇ ਦਾ ਦਰਜਾ ਦਿੱਤੇ ਜਾਣ ਦੀ ਲੋੜ ਹੈ? ਆਰਥਿਕ ਪੈਕੇਜ ਉੱਤੇ ਵੀ ਵ੍ਹਾਈਟ ਪੇਪਰ ਲਿਆਂਦਾ ਜਾਣਾ ਜ਼ਰੂਰੀ ਹੈ।

# ਆਬਾਦੀ ਦਾ ਵੱਡਾ ਹਿੱਸਾ ਕੂੜੇ ਦੇ ਢੇਰਾਂ ਵਿੱਚੋਂ ਵੀ ਭੋਜਨ ਦੀ ਭਾਲ ਕਰਨ ਲਈ ਮਜ਼ਬੂਰ ਹੈ

-ਵਿਜੈ ਗਰਗ-

ਅਨਾਜ ਦੀ ਸਪਲਾਈ. ਪਰ ਰੂਸ ਦੇ ਹਮਲੇ ਨੇ ਯੂਕਰੇਨ ਦੀਆਂ ਪ੍ਰਣਾਲੀਆਂ ਨੂੰ ਤਬਾਹ ਕਰ ਦਿੱਤਾ ਹੈ। ਇਹ ਯੂਕਰੇਨ ਹੈ, ਜਿਸ ਨੂੰ ਆਪਣੀ ਭੋਜਨ ਉਤਪਾਦਨ ਸਮਰੱਥਾ ਦੇ ਕਾਰਨ ਯੂਰਪ ਦੀ ਰੋਟੀ ਦੀ ਟੋਕਰੀ ਕਿਹਾ ਜਾਂਦਾ ਹੈ। ਰੂਸ ਵਿਚ ਪਿਛਲੇ ਸੀਜ਼ਨ ਵਿਚ ਕਣਕ ਚੰਗੀ ਤਰ੍ਹਾਂ ਵਧੀ ਹੈ, ਜਦੋਂ ਕਿ ਕੁਦਰਤੀ ਆਫ਼ਤਾਂ ਨੇ ਅਮਰੀਕਾ ਅਤੇ ਯੂਰਪ ਦੇ ਦੇਸ਼ਾਂ ਵਿਚ ਅਨਾਜ ਘਟਾਇਆ ਹੈ। ਇਸ ਸਥਿਤੀ ਨੇ ਰੂਸ 'ਤੇ ਦੁਨੀਆ ਦੀ ਨਿਰਭਰਤਾ ਵਧਾ ਦਿੱਤੀ ਹੈ। ਦੂਜੇ ਪਾਸੇ ਭਾਰਤ ਵੱਲੋਂ ਕਣਕ ਦੀ ਬਰਾਮਦ 'ਤੇ ਪਾਬੰਦੀ ਲੱਗਣ ਕਾਰਨ ਉਨ੍ਹਾਂ ਮੁਲਕਾਂ ਦੇ ਚਿਹਰਿਆਂ 'ਤੇ ਨਿਰਾਸ਼ਾ ਛਾ ਗਈ ਹੈ, ਜਿਨ੍ਹਾਂ ਨੇ ਅਜਿਹੀ ਸਥਿਤੀ ਵਿੱਚ ਭਾਰਤ ਤੋਂ ਵਾਧੂ ਮਦਦ ਦੀ ਆਸ ਕੀਤੀ ਸੀ।

ਹਾਲਾਂਕਿ, ਭਾਰਤ ਕੋਲ ਕਣਕ ਦੀ ਬਰਾਮਦ 'ਤੇ ਪਾਬੰਦੀ ਲਗਾਉਣ ਦੇ ਆਪਣੇ ਕਾਰਨ ਹਨ। ਕਿਸੇ ਵੀ ਦੇਸ਼ ਦੀ ਜਮਹੂਰੀ ਸਰਕਾਰ ਦਾ ਪਹਿਲਾ ਫਰਜ਼ ਆਪਣੇ ਨਾਗਰਿਕਾਂ ਦੇ ਹਿੱਤਾਂ ਦੀ ਰਾਖੀ ਕਰਨਾ ਹੁੰਦਾ ਹੈ। ਗੁਆਂਢੀ ਦੇਸ਼ ਸ੍ਰੀਲੰਕਾ ਵਿੱਚ ਪੈਦਾ ਹੋਏ ਅਨਾਜ ਸੰਕਟ ਅਤੇ ਵਿਸ਼ਵ ਵਿੱਚ ਅਨਾਜ ਦੀ ਵੱਧ ਰਹੀ ਕਮੀ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਸਭ ਤੋਂ ਪਹਿਲਾਂ ਦੇਸ਼ ਦੀ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣਾ ਜ਼ਰੂਰੀ ਸਮਝਿਆ। ਅਜਿਹੇ 'ਚ ਕਣਕ ਦੀ ਬਰਾਮਦ 'ਤੇ ਪਾਬੰਦੀ ਲਗਾਉਣਾ ਹੀ ਇਕੋ ਇਕ ਵਿਕਲਪ ਸੀ। ਸ੍ਰੀਲੰਕਾ ਦੀ ਉਦਾਹਰਨ, ਜਿੱਥੇ ਭੋਜਨ ਦੀ ਕਮੀ ਹਿੰਸਕ ਪ੍ਰਦਰਸ਼ਨਾਂ ਦੀ ਅਗਵਾਈ ਕਰਦੀ ਹੈ, ਇਸ ਗੱਲ ਦਾ ਪ੍ਰਮਾਣ ਸੀ ਕਿ ਕਿਵੇਂ ਇੱਕ ਭੋਜਨ ਸੰਕਟ ਕਿਸੇ ਵੀ ਸਮਾਜ ਨੂੰ ਤਬਾਹ ਕਰ ਸਕਦਾ ਹੈ।



ਸੰਸਾਰ ਵਿੱਚ ਜਦੋਂ ਆਬਾਦੀ ਦਾ ਇੱਕ ਵੱਡਾ ਹਿੱਸਾ ਭੋਜਨ ਦੀ ਚਿੰਤਾ ਵਿੱਚ ਜੀਵਨ ਬਤੀਤ ਕਰਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਭੋਜਨ ਦੀ ਬਰਬਾਦੀ ਚਿੰਤਾ ਦਾ ਵਿਸ਼ਾ ਬਣ ਜਾਂਦੀ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਦੇ ਅਨੁਸਾਰ, ਵਿਸ਼ਵ ਵਿੱਚ ਪੈਦਾ ਹੋਣ ਵਾਲੇ ਕੁੱਲ ਭੋਜਨ ਦਾ ਇੱਕ ਤਿਹਾਈ ਹਿੱਸਾ ਅਜੇ ਵੀ ਬਰਬਾਦ ਹੋ ਜਾਂਦਾ ਹੈ। ਇਹ ਬਰਬਾਦੀ ਜਾਂ ਤਾਂ ਪਲੇਟ ਵਿੱਚ ਬਚੇ ਹੋਏ ਭੋਜਨ ਦੇ ਕਾਰਨ ਹੋ ਸਕਦੀ ਹੈ, ਜਾਂ ਰੱਦ ਕੀਤੇ ਭੋਜਨ ਨੂੰ ਸੁੱਟੇ ਜਾਣ ਜਾਂ ਖਰਾਬ ਹੋਣ ਕਾਰਨ ਹੋ ਸਕਦੀ ਹੈ। ਮਾਹਿਰਾਂ ਦਾ ਅੰਦਾਜ਼ਾ ਹੈ ਕਿ ਇਸ ਤਰ੍ਹਾਂ ਖਰਾਬ ਹੋਣ ਵਾਲੇ ਭੋਜਨ ਨਾਲ ਦੋ ਅਰਬ ਲੋਕਾਂ ਦਾ ਢਿੱਡ ਭਰ ਸਕਦਾ ਹੈ। ਭਾਰਤੀ ਸਮਾਜ ਵਿੱਚ ਭੋਜਨ ਜਾਂ ਅਨਾਜ ਦੀ ਬਰਬਾਦੀ ਨੂੰ ਸ਼ੁਭ ਨਹੀਂ ਮੰਨਿਆ ਜਾਂਦਾ ਹੈ, ਪਰ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤ ਵਿੱਚ ਹਰ ਸਾਲ ਇੰਨੀ ਵੱਡੀ ਮਾਤਰਾ ਵਿੱਚ ਅਨਾਜ, ਸਬਜ਼ੀਆਂ ਅਤੇ ਹੋਰ ਖਾਣ-ਪੀਣ ਵਾਲੀਆਂ ਵਸਤੂਆਂ ਦੀ ਬਰਬਾਦੀ ਹੁੰਦੀ ਹੈ ਕਿ ਬਿਹਾਰ ਵਰਗੇ ਰਾਜ ਦੀ ਆਬਾਦੀ ਉਸ ਮਾਤਰਾ ਵਿੱਚ ਬਰਬਾਦ ਹੁੰਦੀ ਹੈ। ਲੋੜ ਨੂੰ ਸਾਲ ਭਰ ਪੂਰਾ ਕੀਤਾ ਜਾ ਸਕਦਾ ਹੈ।

ਭਾਰਤ ਸਰਕਾਰ ਦੇ ਖੇਤੀਬਾੜੀ ਮੰਤਰਾਲੇ ਦੀ ਫਸਲ ਖੋਜ ਯੂਨਿਟ ਸੈਂਟਰਲ ਇੰਸਟੀਚਿਊਟ ਆਫ ਪੋਸਟ ਹਾਰਵੈਸਟ ਇੰਜਨੀਅਰਿੰਗ (ਸੀਆਈਐਫਏਟੀ) ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ ਸਾਲ ਲਗਭਗ 60 ਲੱਖ ਟਨ ਖੁਰਾਕੀ ਵਸਤੂਆਂ ਦੀ ਬਰਬਾਦੀ ਹੁੰਦੀ ਹੈ। ਇਸ ਬਰਬਾਦ ਹੋਏ ਭੋਜਨ ਦੀ ਕੀਮਤ ਬਵੰਜਾ ਹਜ਼ਾਰ ਕਰੋੜ ਰੁਪਏ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਵਿੱਚ ਜਿੰਨਾ ਭੋਜਨ ਬਰਬਾਦ ਹੁੰਦਾ ਹੈ, ਓਨੀ ਹੀ ਬਰਤਾਨੀਆ ਦੀ ਕੁੱਲ ਉਤਪਾਦਨ ਸਮਰੱਥਾ ਵੀ ਹੈ। ਇਹੀ ਕਾਰਨ ਹੈ ਕਿ ਚੀਨ ਤੋਂ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਅਨਾਜ ਉਤਪਾਦਕ ਦੇਸ਼ ਹੋਣ ਦੇ ਬਾਵਜੂਦ ਭਾਰਤ ਵਿੱਚ ਅਨਾਜ ਦੀ ਵੰਡ ਦੀ ਸਥਿਤੀ ਕਈ ਵਾਰ ਬਹੁਤੀ ਸੁਖਾਵੀਂ ਨਹੀਂ ਜਾਪਦੀ। ਬਚੀਆਂ ਖੁਰਾਕੀ ਵਸਤਾਂ ਤੋਂ ਇਲਾਵਾ ਫਲਾਂ, ਸਬਜ਼ੀਆਂ ਅਤੇ ਅਨਾਜ ਦੀ ਬਰਬਾਦੀ ਦਾ ਮੁੱਖ ਕਾਰਨ ਇਨ੍ਹਾਂ ਨੂੰ ਸਟੋਰ ਕਰਨ ਦੀ ਢੁਕਵੀਂ ਅਤੇ ਢੁਕਵੀਂ ਵਿਵਸਥਾ ਦੀ ਘਾਟ ਹੈ। ਕੋਲਡ ਸਟੋਰਾਂ ਦੀ ਘਾਟ ਕਾਰਨ ਹਰ ਸਾਲ 20 ਫੀਸਦੀ ਫਲ ਅਤੇ ਸਬਜ਼ੀਆਂ ਸੁੱਟ ਦਿੱਤੀਆਂ ਜਾਂਦੀਆਂ ਹਨ। ਗੋਦਾਮਾਂ ਵਿੱਚ ਭਰੀ ਸੜੀ ਕਣਕ ਦੀਆਂ ਤਸਵੀਰਾਂ ਅਕਸਰ ਅਖ਼ਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ।

ਯਕੀਨਨ ਰੂਸ-ਯੂਕਰੇਨ ਯੁੱਧ ਨੇ ਪੱਛਮ ਵਿਚ ਭੋਜਨ ਦੀ ਸਪਲਾਈ ਨੂੰ ਅਪਾਹਜ ਕਰ ਦਿੱਤਾ ਹੈ, ਪਰ ਸੱਚਾਈ ਇਹ ਹੈ ਕਿ ਇਸ ਯੁੱਧ ਨੇ ਆਉਣ ਵਾਲੇ ਸਾਲਾਂ ਵਿਚ ਦੁਨੀਆ ਨੂੰ ਆਉਣ ਵਾਲੀਆਂ ਭਿਆਨਕਤਾਵਾਂ ਦੀ ਸਿਰਫ ਇਕ ਝਲਕ ਦਿਖਾਈ ਹੈ। ਅਸਲ ਵਿਚ ਦੁਨੀਆ ਵਿਚ ਤੇਜ਼ੀ ਨਾਲ ਵਧ ਰਹੀ ਆਬਾਦੀ ਕਾਰਨ ਰਿਹਾਇਸ਼ੀ ਮਕਾਨਾਂ ਅਤੇ ਹੋਰ ਉਸਾਰੀਆਂ ਦੀ ਲੋੜ ਵਧ ਰਹੀ ਹੈ। ਆਮ ਤੌਰ 'ਤੇ, ਹਰੇਕ ਵਿਕਾਸ ਯੋਜਨਾ ਸਬੰਧਤ ਖੇਤਰ ਵਿੱਚ ਖੇਤੀਬਾੜੀ ਜ਼ਮੀਨ ਦੇ ਇੱਕ ਮਹੱਤਵਪੂਰਨ ਹਿੱਸੇ ਨੂੰ ਦਬਾਉਂਦੀ ਹੈ।

ਯੋਜਨਾ ਭਾਵੇਂ ਨਵੇਂ ਹਾਈਵੇਅ ਬਣਾਉਣ ਦੀ ਹੋਵੇ ਜਾਂ ਸ਼ਹਿਰ ਤੋਂ ਬਾਹਰ ਉਦਯੋਗਿਕ ਇਕਾਈ ਦੀ ਸਥਾਪਨਾ ਦੀ ਹੋਵੇ ਜਾਂ ਕੋਈ ਨਵੀਂ ਰਿਹਾਇਸ਼ੀ ਯੋਜਨਾ ਹੋਵੇ। ਨਤੀਜਾ ਇਹ ਹੈ ਕਿ ਜਿੱਥੇ ਖਾਣ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਉੱਥੇ ਵਾਹੀਯੋਗ ਜ਼ਮੀਨਾਂ ਹੇਠਲਾ ਰਕਬਾ ਲਗਾਤਾਰ ਘਟਦਾ ਜਾ ਰਿਹਾ ਹੈ। ਇੱਕ ਮੋਟੇ ਅੰਦਾਜ਼ੇ ਅਨੁਸਾਰ ਸਾਲ 2050 ਤੱਕ ਦੁਨੀਆਂ ਦੀ ਆਬਾਦੀ ਇੱਕ ਹਜ਼ਾਰ ਕਰੋੜ ਤੋਂ ਵੱਧ ਜਾਵੇਗੀ। ਯਾਨੀ ਸਾਲ 2017 ਦੇ ਅੰਕੜਿਆਂ ਦੇ ਮੁਕਾਬਲੇ ਸਾਲ 2050 ਵਿੱਚ ਸੱਤਰ ਫੀਸਦੀ ਜ਼ਿਆਦਾ ਭੋਜਨ ਦੀ ਲੋੜ ਪਵੇਗੀ। ਜਦੋਂ ਕਿ ਹਰ ਸਾਲ ਧਰਤੀ ਤੋਂ ਸਾਢੇ ਸੱਤ ਕਰੋੜ ਟਨ ਉਪਜਾਊ ਮਿੱਟੀ ਖ਼ਤਮ ਹੋ ਰਹੀ ਹੈ। ਸਪੱਸ਼ਟ ਹੈ ਕਿ ਜੇਕਰ ਜਲਦੀ ਹੀ ਸਾਰਥਕ ਬਦਲ ਨਾ ਲੱਭੇ ਗਏ ਤਾਂ ਸਮੁੱਚੀ ਆਬਾਦੀ ਲਈ ਲੋੜੀਂਦੀ ਮਾਤਰਾ ਵਿੱਚ ਅਨਾਜ ਪੈਦਾ ਕਰਨ ਦਾ ਵੱਡਾ ਸੰਕਟ ਖੜ੍ਹਾ ਹੋ ਜਾਵੇਗਾ।

ਜਦੋਂ ਆਬਾਦੀ ਦਾ ਵੱਡਾ ਹਿੱਸਾ ਕੂੜੇ ਦੇ ਢੇਰਾਂ ਵਿੱਚੋਂ ਵੀ ਅਨਾਜ ਦੀ ਭਾਲ ਕਰਨ ਲਈ ਮਜ਼ਬੂਰ ਹੁੰਦਾ ਹੈ, ਤਾਂ ਅੰਨ ਦੇ ਇੱਕ ਦਾਣੇ ਦੀ ਵੀ ਬਰਬਾਦੀ ਸਮੁੱਚੀ ਮਨੁੱਖਤਾ ਵਿਰੁੱਧ ਬਹੁਤ ਵੱਡਾ ਅਪਰਾਧ ਜਾਪਦਾ ਹੈ। ਪਰ ਜਾਣੇ-ਅਣਜਾਣੇ ਵਿੱਚ ਅਸੀਂ ਸਾਰੇ ਹੀ ਇਹ ਗੁਨਾਹ ਕਰ ਰਹੇ ਹਾਂ। ਅਧਿਐਨ ਨੇ ਪਾਇਆ ਹੈ ਕਿ ਦੁਨੀਆ ਵਿੱਚ ਸਭ ਤੋਂ ਵੱਧ ਬਰਬਾਦੀ ਭੋਜਨ ਰੈਸਟੋਰੈਂਟਾਂ ਜਾਂ ਹੋਟਲਾਂ ਵਿੱਚ ਨਹੀਂ, ਸਗੋਂ ਘਰਾਂ ਵਿੱਚ ਬਣਾਇਆ ਜਾਂਦਾ ਹੈ। ਸੰਸਾਰ ਵਿੱਚ ਬਰਬਾਦ ਹੋਏ ਕੁੱਲ ਭੋਜਨ ਦਾ 61 ਪ੍ਰਤੀਸ਼ਤ ਘਰੇਲੂ ਭੋਜਨ ਹੈ। ਇੰਨਾ ਹੀ ਨਹੀਂ ਹਰ ਸਾਲ 60 ਲੱਖ ਗਲਾਸ ਦੁੱਧ ਦੀ ਬਰਬਾਦੀ ਹੁੰਦੀ ਹੈ। ਚਿੰਤਾ ਦੀ ਗੱਲ ਹੈ ਕਿ ਅਗਲੇ ਚਾਰ ਦਹਾਕਿਆਂ ਵਿੱਚ ਦੁਨੀਆ ਦੇ 40 ਕਰੋੜ ਲੋਕ ਭੁੱਖਮਰੀ ਦੇ ਸੰਕਟ ਦਾ ਸਾਹਮਣਾ ਕਰਨਗੇ।

ਸੰਯੁਕਤ ਰਾਸ਼ਟਰ ਦੇ ਖੁਰਾਕ ਅਤੇ ਖੇਤੀਬਾੜੀ ਸੰਗਠਨ ਦਾ ਕਹਿਣਾ ਹੈ ਕਿ ਦੁਨੀਆ ਵਿਚ ਖੁਰਾਕ ਅਤੇ ਹੋਰ ਅਨਾਜ ਦੀ ਕਮੀ ਲਗਾਤਾਰ ਜਾਰੀ ਹੈ। ਇੱਕ ਤਾਂ ਜਨਸੰਖਿਆ ਦੇ ਦਬਾਅ ਕਾਰਨ ਖੇਤੀਯੋਗ ਜ਼ਮੀਨ ਘਟ ਰਹੀ ਹੈ, ਨਾ ਸਿਰਫ਼ ਖੇਤੀ ਦੇ ਬਦਲੇ ਤਰੀਕਿਆਂ ਅਤੇ ਰਸਾਇਣਕ ਖਾਦਾਂ ਕਾਰਨ ਜਲਵਾਯੂ ਸੰਕਟ ਨੇ ਖੇਤੀ ਜ਼ਮੀਨਾਂ ਦੇ ਝਾੜ 'ਤੇ ਵੀ ਮਾੜਾ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਇਸੇ ਲਈ ਹੁਣ ਵਿਗਿਆਨੀ ਚੇਤਾਵਨੀ ਦੇ ਰਹੇ ਹਨ ਕਿ ਜੇਕਰ ਸਮੇਂ ਸਿਰ ਹੋਰ ਗ੍ਰਹਿਆਂ 'ਤੇ ਪਾਣੀ, ਜੀਵਨ ਅਤੇ ਖੇਤੀ ਦੀਆਂ ਸੰਭਾਵਨਾਵਾਂ ਦੀ ਖੋਜ ਨਾ ਕੀਤੀ ਗਈ ਤਾਂ ਆਉਣ ਵਾਲਾ ਸਮਾਂ ਬਹੁਤ ਸਾਰੀਆਂ ਮੁਸੀਬਤਾਂ ਦਾ ਸਮਾਂ ਹੋਵੇਗਾ ਕਿਉਂਕਿ ਜੇਕਰ ਆਬਾਦੀ ਵਧੇਗੀ ਤਾਂ ਭੋਜਨ ਦੀ ਮੰਗ ਵਧੇਗੀ . ਅਤੇ ਜੇਕਰ ਧਰਤੀ ਦੇ ਲੋਕ ਅਨਾਜ ਦੀ ਮੰਗ ਅਨੁਸਾਰ ਅਨਾਜ ਪੈਦਾ ਨਾ ਕਰ ਸਕੇ ਤਾਂ ਅਨਾਜ ਨੂੰ ਲੈ ਕੇ ਆਪਸੀ ਝਗੜੇ ਵਧਣਗੇ ਅਤੇ ਇਹ ਝਗੜੇ ਹਰ ਪਾਸੇ ਜੀਵਨ ਦੀ ਸਦਭਾਵਨਾ ਅਤੇ ਸ਼ਾਂਤੀ ਨੂੰ ਭੰਗ ਕਰਨਗੇ। ਅਜਿਹੀ ਸਥਿਤੀ ਵਿੱਚ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਭੋਜਨ ਦੇ ਹਰ ਇੱਕ ਦਾਣੇ ਦੀ ਮਹੱਤਤਾ ਨੂੰ ਸਮਝੀਏ।

# ਸਪਰਿੰਗਫੀਲਡ ਓਹਾਇਓ ਦੀ 'ਮੈਮੋਰੀਅਲ ਡੇਅ ਪਰੇਡ' 'ਚ ਸ਼ਹੀਦ ਹੋਏ ਅਮਰੀਕੀ ਅਤੇ ਸਿੱਖ ਫੌਜੀਆਂ ਨੂੰ ਦਿੱਤੀ ਗਈ ਸ਼ਰਧਾਂਜਲੀ

ਡੇਟਨ (ਅਮਰੀਕਾ): ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਪਰਿੰਗਫੀਲਡ ਵਿੱਖੇ ਸ਼ਹੀਦ ਫ਼ੌਜੀਆਂ ਨੂੰ ਯਾਦ ਕਰਨ ਲਈ ਹਰ ਸਾਲ ਮਨਾਏ ਜਾਂਦੇ 'ਮੈਮੋਰੀਅਲ ਡੇਅ' ਮੌਕੇ ਇੱਥੋਂ ਦੀ ਬਹੁਤ ਹੀ ਪ੍ਰਸਿੱਧ ਸਲਾਨਾ ਪਰੇਡ ਦਾ ਆਯੋਜਨ ਕੀਤਾ ਗਿਆ। ਵੱਖ ਵੱਖ ਵਿਭਾਗਾ, ਜਥੇਬੰਦੀਆ, ਵਿਦਿਅਕ ਤੇ ਧਾਰਮਕ ਅਦਾਰਿਆਂ ਦੀਆ ਝਲਕੀਆ, ਇਸ ਪਰੇਡ ਦੀ ਵਿਸ਼ੇਸ਼ ਖਿੱਚ ਸਨ। ਫੌਜ ਦੀਆਂ ਜੀਪਾਂ, ਫਾਇਰ ਟਰੱਕ, ਮੌਟਰਸਾਈਕਲ, ਅਣਗਿਣਤ ਵਾਹਨ ਇਸ ਪਰੇਡ ਦਾ ਹਿੱਸਾ ਸਨ। ਪਰੇਡ ਵਿਚ ਬਹੁਤ ਸਾਰੇ ਵਾਹਨਾਂ ਉੱਪਰ ਇੱਥੋ ਦੇ ਸ਼ਹੀਦਾ ਦੀਆ ਤਸਵੀਰਾ ਪੋਸਟਰਾ 'ਤੇ ਲਾ ਕੇ ਉਨ੍ਹਾ ਨੂੰ ਯਾਦ ਕੀਤਾ ਗਿਆ। ਸੜਕਾਂ ਕੰਢੇ ਹਜ਼ਾਰਾਂ ਲੋਕ ਪ੍ਰਵਾਰ ਸਮੇਤ ਅਮਰੀਕਾ ਦੇ ਝੰਡੇ ਦੇ ਰੰਗ ਨਾਲ ਮੇਚ ਕਰਦੇ ਲਾਲ, ਚਿੱਟੇ, ਅਤੇ ਨੀਲੇ ਕੱਪੜੇ ਪਾ ਕੇ ਇਨ੍ਹਾਂ ਦੇ ਸੁਆਗਤ ਲਈ ਬੈਠੇ ਸਨ।

ਪਿਛਲੇ 24 ਸਾਲਾਂ ਤੋਂ ਇੱਥੋਂ ਦੇ ਵਸਨੀਕ ਅਵਤਾਰ ਸਿੰਘ, ਉਹਨਾਂ ਦੀ ਪਤਨੀ ਸਰਬਜੀਤ ਕੌਰ ਤੇ ਬੱਚੇ ਲਗਾਤਾਰ ਇਸ ਪਰੇਡ ਦਾ ਹਿੱਸਾ ਬਣਦੇ ਆ ਰਹੇ ਹਨ। ਉਹਨਾਂ ਵਲੋਂ ਕਈ ਵਰਿਆਂ ਪਹਿਲਾਂ ਕੀਤੇ ਗਏ ਇਸ ਉਧਮ ਤੋਂ ਬਾਦ ਹੁਣ ਸਪਰਿੰਗਫੀਲਡ ਦੇ ਨਾਲ ਲਗਦੇ ਸ਼ਹਿਰ ਡੇਟਨ, ਸਿਨਸਿਨਾਟੀ, ਕੋਲੰਬਸ ਅਤੇ ਇੰਡੀਆਣਾ ਸੂਬੇ ਤੋਂ ਵੀ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਇਸ ਵਿੱਚ ਭਾਗ ਲੈਂਦਾ ਹੈ।

ਅਮਰੀਕਨ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈਆਂ ਸਿਖ ਝਾਕੀਆਂ ਉੱਪਰ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ ਹੋਏ ਸਿਖ ਫੌਜੀਆਂ ਬਾਰੇ ਜਾਣਕਾਰੀ ਦਿੱਤੀ ਗਈ, ਤਸਵੀਰਾਂ ਦਾ ਪ੍ਰਦਰਸ਼ਨ ਤੇ ਸ਼ੁਭ- ਕਾਮਨਾਵਾਂ ਭੇਟ ਕੀਤੀਆਂ ਗਈਆਂ। ਕਰੀਬ ਤਿੰਨ ਮੀਲ ਲੰਮੀ ਇਹ ਪਰੇਡ ਜੱਦ ਬਜਾਰਾਂ ਵਿੱਚੋਂ ਲੰਘੀ, ਤਾਂ ਹਮੇਸ਼ਾਂ ਦੀ ਤਰ੍ਹਾਂ ਸਿੱਖ ਝਾਕੀ ਦਾ ਸੜ੍ਹਕ ਕੰਢੇ ਖੜੇ ਅਤੇ ਬੈਠੇ ਹਜ਼ਾਰਾਂ ਸ਼ਹਿਰੀਆਂ ਨੇ ਹੱਥਾਂ ਵਿੱਚ ਅਮਰੀਕੀ ਝੰਡੇ ਲੈ ਕੇ ਹੱਥ ਹਿਲਾ ਕੇ ਨਿੱਘਾ ਸਵਾਗਤ ਕੀਤਾ ਅਤੇ ਉਹ 'ਮਿਸਟਰ ਸਿੰਘ, ਹੈਪੀ ਮੈਮੋਰੀਅਲ ਡੇਅ' ਵੀ ਕਹਿ ਰਹੇ ਸਨ।

ਇਹ ਪਰੇਡ ਅਮਰੀਕਾ ਦੀਆਂ ਸਭ ਤੋਂ ਵੱਡੀਆਂ ਪਰੇਡਾਂ ਵਿਚੋਂ ਇਕ ਮੰਨੀ ਜਾਂਦੀ ਹੈ ਜਿਸ ਵਿੱਚ ਸ਼ਹਿਰ ਦੇ ਬਜਾਰਾਂ, ਘਰਾਂ ਦੇ ਬਾਹਰ ਅਤੇ ਪਾਰਕਾਂ ਵਿਚ ਲਗਭਗ 35 ਹਜਾਰ ਲੋਕ ਆਨੰਦ ਮਾਣਦੇ ਹਨ ਅਤੇ ਤਕਰੀਬਨ 2500 ਲੋਕ, 300 ਗਡੀਆਂ ਤੇ 120 ਸਥਾਨਕ ਸੰਸਥਾਵਾਂ ਭਾਗ ਲੈਂਦੀਆਂ ਹਨ।

ਸਰਬਜੀਤ ਕੌਰ ਅਤੇ ਅਵਤਾਰ ਸਿੰਘ ਨੇ ਦੱਸਿਆ ਕਿ ਉਹ ਪਹਿਲੀ ਵਾਰ 1999 ਵਿਚ ਪਰਿਵਾਰ ਸਮੇਤ ਇਸ ਪਰੇਡ ਵਿੱਚ ਸ਼ਾਮਲ ਹੋਏ ਸਨ ਤੇ ਉਹਨਾਂ ਨੂੰ ਇਸ ਕਮਿਉਨਟੀ ਦਾ ਹਿੱਸਾ ਹੋਣ ਤੇ ਮਾਣ ਹੈ। ਪਰੇਡ ਵਿੱਚ ਸ਼ਮੂਲੀਅਤ ਸਾਨੂੰ ਵਿਸ਼ਵ ਯੁਧਾਂ ਵਿਚ ਸ਼ਹੀਦ ਹੋਏ ਸਿੱਖ ਅਤੇ ਅਮਰੀਕੀ ਫੋਜੀਆਂ ਨੂੰ ਸ਼ਰਧਾਂਜਲੀ ਭੇਟ ਕਰਣ ਤੇ ਅਮਰੀਕੀ ਲੋਕਾਂ ਨੂੰ ਸਿੱਖਾਂ ਵਲੋਂ ਵਿਸ਼ਵ ਅਤੇ ਹੋਰਨਾਂ ਯੁਧਾਂ ਵਿਚ ਦਿੱਤੀਆਂ ਗਈਆਂ ਕੁਰਬਾਨੀਆਂ ਬਾਰੇ ਜਾਣਕਾਰੀ ਦੇਣ ਦਾ ਮੌਕਾ ਦਿੰਦੀ ਹੈ। ਉਹਨਾਂ ਕਿਹਾ ਕਿ ਅਮਰੀਕਾ ਵਿਚ ਸਤੰਬਰ 2001 ਦੇ ਹਮਲੇ ਤੋਂ ਬਾਦ ਸਿੱਖਾਂ ਨੂੰ ਬਹੁਤ ਸਾਰੇ ਨਸਲੀ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ ਸੀ। ਇਸ ਲਈ ਇਹ ਹੋਰ ਵੀ ਜਰੂਰੀ ਹੋ ਗਿਆ ਹੈ ਕਿ ਅਸੀਂ ਇਹਨਾਂ ਪ੍ਰੋਗਰਾਮਾਂ ਵਿਚ ਭਾਗ ਲਈਏ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਮਿਲ ਸਕੇ। ਉਹਨਾਂ ਨੂੰ ਇਹ ਦੇਖ ਕੇ ਅਹਿਸਾਸ ਹੋਵੇ ਕਿ ਸਿੱਖ ਵੀ ਸਾਡੇ ਕਮਿਉਨਿਟੀ ਦਾ ਹਿੱਸਾ ਹਨ।

ਲੋਕਾਂ ਨੂੰ ਸਿੱਖਾਂ ਦੀ ਨਿਵੇਕਲੀ ਪਛਾਣ ਤੋਂ ਜਾਣੂ ਕਰਵਾਉਣ ਲਈ ਕਿਤਾਬਚਾ ਵੀ ਵੰਡੇ ਗਏ। ਪਰੇਡ ਦੀਆਂ ਅਨਮੋਲ ਯਾਦਾਂ ਨੂੰ ਕੈਮਰਾਬੰਦ ਕਰਨ ਦੀ ਸੇਵਾ ਡੇਟਨ ਤੋਂ ਏ.ਐਂਡ.ਏ. ਫੋਟੋਗ੍ਰਾਫੀ ਦੇ ਸੁਨੀਲ ਮੱਲੀ ਵਲੋਂ ਕੀਤੀ ਗਈ।

















# ਕੁਦਰਤ ਬਨਾਮ ਵਿਕਾਸ

ਕੁਦਰਤ ਨੂੰ ਮਨੁੱਖ ਦੁਆਰਾ ਬਣਾਈਆਂ ਚੀਜ਼ਾਂ ਨੂੰ ਛੱਡ ਕੇ ਹਰ ਚੀਜ਼ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਸਾਡੇ ਆਲੇ ਦੁਆਲੇ ਦੇ ਰੁੱਖਾਂ, ਪੌਦਿਆਂ, ਜਾਨਵਰਾਂ, ਵਾਤਾਵਰਣ ਅਤੇ ਹਰ ਚੀਜ਼ ਜੋ ਮਨੁੱਖ ਦੁਆਰਾ ਨਹੀਂ ਬਣਾਈ ਗਈ ਹੈ। ਹਰ ਚੀਜ਼ ਜੋ ਸਾਨੂੰ ਕੁਦਰਤੀ ਸਾਧਨਾਂ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ, ਕੁਦਰਤ ਵਿੱਚ ਸ਼ਾਮਲ ਹੈ। ਕੁਦਰਤ, ਵਿਆਪਕ ਅਰਥਾਂ ਵਿੱਚ, ਕੁਦਰਤੀ ਸੰਸਾਰ, ਭੌਤਿਕ ਸੰਸਾਰ, ਜਾਂ ਪਦਾਰਥਕ ਸੰਸਾਰ ਦੇ ਬਰਾਬਰ ਹੈ। "ਕੁਦਰਤ" ਭੌਤਿਕ ਸੰਸਾਰ ਦੇ ਵਰਤਾਰੇ ਨੂੰ ਦਰਸਾਉਂਦਾ ਹੈ, ਅਤੇ ਆਮ ਤੌਰ 'ਤੇ ਜੀਵਨ ਨੂੰ ਵੀ। ਇਹ ਉਪ-ਪ੍ਰਮਾਣੂ ਤੱਤਾਂ ਤੋਂ ਲੈ ਕੇ ਬ੍ਰਹਿਮੰਡੀ ਉਤਪਾਦਾਂ ਤੱਕ ਪੈਮਾਨੇ ਵਿੱਚ ਹੁੰਦਾ ਹੈ। ਕੁਦਰਤ ਮਨੁੱਖੀ ਜੀਵਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਅਤੇ ਸਾਨੂੰ ਜੀਵਨ ਦੇ ਕੁਝ ਜ਼ਰੂਰੀ ਤੱਤ ਪ੍ਰਦਾਨ ਕਰਦੀ ਹੈ ਜਿਵੇਂ ਕਿ ਭੋਜਨ, ਪਾਣੀ, ਹਵਾ ਆਦਿ। ਅੱਜ ਕੁਦਰਤ ਨੂੰ ਭੂ-ਵਿਗਿਆਨ ਦੇ ਨਾਲ-ਨਾਲ ਸਾਡੇ ਆਲੇ ਦੁਆਲੇ ਜੰਗਲੀ ਜੀਵਣ ਦੇ ਵਿਆਪਕ ਅਰਥਾਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਕੁਦਰਤ ਵਿੱਚ ਕੁਦਰਤੀ ਵਾਤਾਵਰਣ ਜਾਂ ਉਜਾੜ ਵੀ ਸ਼ਾਮਲ ਹੁੰਦਾ ਹੈ- ਜੰਗਲੀ ਜਾਨਵਰ, ਚੱਟਾਨਾਂ, ਜੰਗਲ, ਬੀਚ, ਅਤੇ ਆਮ ਤੌਰ 'ਤੇ ਉਹ ਚੀਜ਼ਾਂ ਜੋ ਮਨੁੱਖੀ ਦਖਲਅੰਦਾਜ਼ੀ ਦੁਆਰਾ ਕਾਫ਼ੀ ਹੱਦ ਤੱਕ ਨਹੀਂ ਬਦਲੀਆਂ ਗਈਆਂ ਹਨ, ਜਾਂ ਜੋ ਮਨੁੱਖੀ ਦਖਲ ਦੇ ਬਾਵਜੂਦ ਕਾਇਮ ਰਹਿੰਦੀਆਂ ਹਨ, ਭਾਵ ਮਨੁੱਖ ਦੀ ਇਸਦੀ ਹੋਂਦ ਵਿੱਚ ਸਧਾਰਨ ਤਰੀਕੇ ਨਾਲ ਕੋਈ ਭੂਮਿਕਾ ਨਹੀਂ ਹੈ।

ਕੁਦਰਤ ਸ਼ਬਦ ਲਾਤੀਨੀ ਸ਼ਬਦ "ਨੈਚੁਰਾ" ਜਾਂ "ਜ਼ਰੂਰੀ ਗੁਣ, ਸੁਭਾਵਕ ਸੁਭਾਅ" ਤੋਂ ਲਿਆ ਗਿਆ ਹੈ ਅਤੇ ਪੁਰਾਣੇ ਸਮਿਆਂ ਵਿੱਚ, ਸ਼ਾਬਦਿਕ ਅਰਥ "ਜਨਮ" ਸੀ। ਨੈਚੁਰਾ ਯੂਨਾਨੀ ਸ਼ਬਦ ਫਿਸਿਸ ਦਾ ਇੱਕ ਲਾਤੀਨੀ ਅਨੁਵਾਦ ਸੀ, ਜੋ ਕਿ ਮੂਲ ਰੂਪ ਵਿੱਚ ਪੌਦਿਆਂ, ਜਾਨਵਰਾਂ ਅਤੇ ਸੰਸਾਰ ਦੀਆਂ ਹੋਰ ਵਿਸ਼ੇਸ਼ਤਾਵਾਂ ਨਾਲ ਸੰਬੰਧਿਤ ਹੈ ਜੋ ਉਹਨਾਂ ਦੀ ਆਪਣੀ ਮਰਜ਼ੀ ਨਾਲ ਵਿਕਾਸ ਕਰਦੇ ਹਨ। ਮਨੁੱਖ ਦੇ ਆਲੇ ਦੁਆਲੇ ਦੀਆਂ ਬਹੁਤ ਸਾਰੀਆਂ ਚੀਜ਼ਾਂ ਕੁਦਰਤ ਵਿੱਚ ਸ਼ਾਮਲ ਹਨ। ਅੱਜ ਸ਼ਬਦ ਦੇ ਵੱਖ-ਵੱਖ ਉਪਯੋਗਾਂ ਦੇ ਅੰਦਰ, "ਕੁਦਰਤ" ਅਕਸਰ ਭੂ-ਵਿਗਿਆਨ ਅਤੇ ਜੰਗਲੀ ਜੀਵਣ ਦਾ ਹਵਾਲਾ ਦਿੰਦਾ ਹੈ। ਕੁਦਰਤ ਵੱਖ-ਵੱਖ ਕਿਸਮਾਂ ਦੇ ਜੀਵਤ ਪੌਦਿਆਂ ਅਤੇ ਜਾਨਵਰਾਂ ਦੇ ਆਮ ਖੇਤਰ ਦਾ ਹਵਾਲਾ ਦੇ ਸਕਦੀ ਹੈ, ਅਤੇ ਕੁਝ ਮਾਮਲਿਆਂ ਵਿੱਚ ਨਿਰਜੀਵ ਵਸਤੂਆਂ ਨਾਲ ਜੁੜੀਆਂ ਪ੍ਰਕਿਰਿਆਵਾਂ ਦਾ ਹਵਾਲਾ ਦੇ ਸਕਦੀ ਹੈ - ਜਿਸ ਤਰੀਕੇ ਨਾਲ ਖਾਸ ਕਿਸਮ ਦੀਆਂ ਚੀਜ਼ਾਂ ਮੌਜੂਦ ਹਨ ਅਤੇ ਉਹਨਾਂ ਦੇ ਆਪਣੇ ਅਨੁਸਾਰ ਬਦਲਦੀਆਂ ਹਨ, ਜਿਵੇਂ ਕਿ ਮੌਸਮ ਅਤੇ ਭੂ-ਵਿਗਿਆਨ। ਧਰਤੀ, ਅਤੇ ਪਦਾਰਥ ਅਤੇ ਊਰਜਾ ਜਿਸ ਨਾਲ ਇਹ ਸਾਰੀਆਂ ਚੀਜ਼ਾਂ ਬਣੀਆਂ ਹਨ।

ਵਿਕਾਸ: ਵਿਕਾਸ ਨੂੰ ਖਾਸ ਮਨੁੱਖੀ ਮੰਗਾਂ ਅਤੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਵਿਗਿਆਨ ਅਤੇ ਤਕਨਾਲੋਜੀ ਦੀ ਯੋਜਨਾਬੱਧ ਵਰਤੋਂ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਅਤੇ ਮੌਜੂਦਾ ਸਰੋਤਾਂ ਵਿੱਚ ਸੁਧਾਰ ਅਤੇ ਅਪਗ੍ਰੇਡੇਸ਼ਨ ਨੂੰ ਜੋੜਨ ਦੀ ਪ੍ਰਕਿਰਿਆ ਵਿੱਚ ਵੀ ਸ਼ਾਮਲ ਹੈ। ਵਧਦੀ ਆਬਾਦੀ ਅਤੇ ਮਨੁੱਖੀ ਲਾਲਚ ਕਾਰਨ ਭੋਜਨ, ਪਾਣੀ, ਊਰਜਾ ਅਤੇ ਖਣਿਜਾਂ ਦੀ ਦੁਨੀਆ ਦੀ ਲੋੜ ਦਿਨੋਂ-ਦਿਨ ਵਧ ਰਹੀ ਹੈ। ਆਬਾਦੀ ਦੇ ਵਾਧੇ, ਬੇਰੋਕ ਵਿਕਾਸ ਅਤੇ ਜਲਵਾਯੂ ਤਬਦੀਲੀ ਦੇ ਨਾਲ ਇਹ ਮੰਗਾਂ ਕੁਦਰਤੀ ਵਾਤਾਵਰਣ 'ਤੇ ਹੋਰ ਵੀ ਦਬਾਅ ਪਾ ਰਹੀਆਂ ਹਨ। ਸਾਡੀਆਂ ਭਵਿੱਖ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ, ਸਾਨੂੰ ਹੁਣ ਇਸ ਬਾਰੇ ਚੁਸਤ ਫੈਸਲੇ ਲੈਣੇ ਪੈਣਗੇ ਕਿ ਅਸੀਂ ਆਪਣੀਆਂ ਜ਼ਮੀਨਾਂ ਅਤੇ ਪਾਣੀਆਂ ਦੀ ਰੱਖਿਆ, ਪ੍ਰਬੰਧਨ ਅਤੇ ਵਿਕਾਸ ਕਿਵੇਂ ਕਰਦੇ ਹਾਂ।

ਵਿਕਾਸ ਇੱਕ ਕੁਦਰਤੀ ਵਰਤਾਰਾ ਹੈ, ਕੁਦਰਤ ਵੀ ਵਿਕਾਸ ਦਾ ਸਾਥ ਦਿੰਦੀ ਹੈ ਅਤੇ ਹਰ ਕੁਦਰਤੀ ਚੀਜ਼ ਦਾ ਵਿਕਾਸ ਹੁੰਦਾ ਹੈ। ਮਨੁੱਖ ਇੱਕ ਬੱਚੇ ਤੋਂ ਇੱਕ ਵੱਡੇ ਮਨੁੱਖ ਤੱਕ ਵਿਕਸਤ ਹੁੰਦਾ ਹੈ, ਛੋਟੇ ਪੌਦੇ ਵੱਡੇ ਰੁੱਖਾਂ ਵਿੱਚ ਵਿਕਸਤ ਹੁੰਦੇ ਹਨ ਅਤੇ ਇਸੇ ਤਰ੍ਹਾਂ, ਅਤੇ ਮੂਲ ਵਿਚਾਰ ਇਹ ਹੈ ਕਿ ਕੁਦਰਤ ਵਿਕਾਸ ਦੀ ਪ੍ਰਕਿਰਿਆ ਦਾ ਵਿਰੋਧੀ ਨਹੀਂ ਹੈ, ਅਸਲ ਵਿੱਚ ਵਿਕਾਸ ਦੇ ਪੱਖ ਵਿੱਚ ਹੈ ਬਸ਼ਰਤੇ ਵਿਕਾਸ ਪ੍ਰਕਿਰਿਆ ਨੂੰ ਪੂਰਾ ਕੀਤਾ ਜਾਵੇ। ਹੋਰ ਸਰੋਤਾਂ ਨੂੰ ਨੁਕਸਾਨ ਪਹੁੰਚਾਏ ਬਿਨਾਂ ਇੱਕ ਸਥਾਈ ਪੱਧਰ। ਅੱਜ ਮਨੁੱਖਾਂ ਨੇ ਸਾਡੇ ਪਹਾੜਾਂ, ਮਾਰੂਥਲਾਂ, ਮੈਦਾਨਾਂ, ਸਾਗਰਾਂ ਅਤੇ ਨਦੀਆਂ ਦੀ ਥਾਂ 'ਤੇ ਬਹੁਤ ਸਾਰੇ ਉਪਲਬਧ ਕੁਦਰਤੀ ਖੇਤਰ ਨੂੰ ਵਿਕਾਸ ਦੇ ਉਦੇਸ਼ ਲਈ ਖੋਜਿਆ ਹੈ ਅਤੇ ਲਗਾਤਾਰ ਮਾਈਨਿੰਗ, ਬੁਨਿਆਦੀ ਢਾਂਚੇ ਦੇ ਵਿਕਾਸ, ਜੰਗਲਾਂ ਦੀ ਉਸਾਰੀ ਅਤੇ ਕਟਾਈ ਵਰਗੀਆਂ ਗਤੀਵਿਧੀਆਂ ਨੂੰ ਜਾਰੀ ਰੱਖਿਆ ਹੈ ਜੋ ਸਾਡੇ ਕੁਦਰਤੀ ਵਾਤਾਵਰਣ ਲਈ ਬਹੁਤ ਵੱਡਾ ਖਤਰਾ ਹੈ। . ਕੁਦਰਤ ਵਿਕਾਸ ਦਾ ਸਮਰਥਨ ਕਰਦੀ ਹੈ ਪਰ ਹੋਰ ਸਾਧਨਾਂ ਦੀ ਕੀਮਤ 'ਤੇ ਨਹੀਂ, ਅੱਜ ਮਨੁੱਖ ਵਿਕਾਸ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਸਾਰੇ ਸਰੋਤਾਂ ਨੂੰ ਲਾਪਰਵਾਹੀ ਨਾਲ ਖਤਮ ਕਰ ਰਿਹਾ ਹੈ ਅਤੇ ਬਹੁਤ ਦੇਰ ਹੋਣ ਤੋਂ ਪਹਿਲਾਂ ਇਹਨਾਂ ਗਤੀਵਿਧੀਆਂ 'ਤੇ ਜਾਂਚ ਕਰਨ ਦੀ ਫੌਰੀ ਲੋੜ ਹੈ।

ਕੁਦਰਤ ਅਤੇ ਵਿਕਾਸ: ਕੁਦਰਤ ਅਤੇ ਵਿਕਾਸ ਦੋ ਵੱਖ-ਵੱਖ ਸ਼ਾਖਾਵਾਂ ਹਨ ਪਰ ਫਿਰ ਵੀ ਇੱਕ ਦੂਜੇ ਨਾਲ ਬਹੁਤ ਨੇੜਿਓਂ ਜੁੜੀਆਂ ਹੋਈਆਂ ਹਨ। ਸਾਡੀ ਹਰ ਵਿਕਾਸ ਪ੍ਰਕਿਰਿਆ ਸਾਡੇ ਕੁਦਰਤੀ ਵਾਤਾਵਰਣ ਨਾਲ ਨੇੜਿਓਂ ਜੁੜੀ ਹੋਈ ਹੈ। ਵਿਕਾਸ ਅਤੇ ਵਾਤਾਵਰਣ ਨੂੰ ਰਵਾਇਤੀ ਤੌਰ 'ਤੇ ਵੱਖਰੇ ਤੌਰ 'ਤੇ ਪ੍ਰਬੰਧਿਤ ਕੀਤਾ ਗਿਆ ਹੈ, ਪਰ ਪਿਛਲੇ ਕੁਝ ਸਾਲਾਂ ਤੋਂ, ਖੋਜਕਰਤਾ ਲਗਾਤਾਰ ਇਸ ਗੱਲ 'ਤੇ ਕੰਮ ਕਰ ਰਹੇ ਹਨ ਕਿ ਖੁਸ਼ਹਾਲੀ ਨੂੰ ਵਧਾਉਣ ਅਤੇ ਇੱਕੋ ਸਮੇਂ ਗ੍ਰਹਿ ਦੀ ਰੱਖਿਆ ਕਰਨ ਲਈ ਇਨ੍ਹਾਂ ਦੋਵਾਂ ਨੂੰ ਕਿਵੇਂ ਮਿਲਾਇਆ ਜਾ ਸਕਦਾ ਹੈ। ਵਿਕਾਸ ਅਤੇ ਕੁਦਰਤ ਨੂੰ ਰਵਾਇਤੀ ਤੌਰ 'ਤੇ ਵੱਖਰੇ ਅਕਾਦਮਿਕ ਅਨੁਸ਼ਾਸਨਾਂ, ਵੱਖਰੀਆਂ ਸਰਕਾਰੀ ਏਜੰਸੀਆਂ ਅਤੇ ਵੱਖਰੇ ਕਾਨੂੰਨਾਂ ਅਤੇ ਨੀਤੀਆਂ ਦੁਆਰਾ ਸੰਭਾਲਿਆ ਜਾਂਦਾ ਹੈ ਪਰ ਪਿਛਲੇ ਕੁਝ ਸਾਲਾਂ ਵਿੱਚ ਤੇਜ਼ੀ ਨਾਲ ਵਿਕਾਸ ਦੀਆਂ ਗਤੀਵਿਧੀਆਂ ਅਤੇ ਸਾਡੇ ਕੁਦਰਤੀ ਵਾਤਾਵਰਣ ਦੇ ਨਿਰੰਤਰ ਵਿਗਾੜ ਨੇ ਵਿਕਾਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਇੱਕ ਹੱਲ ਲੱਭਣ ਲਈ ਮਜ਼ਬੂਰ ਕੀਤਾ ਹੈ। ਇਸ ਤਰੀਕੇ ਨਾਲ ਕਿ ਇਹ ਸਾਡੇ ਸੁਭਾਅ ਵਿੱਚ ਰੁਕਾਵਟ ਨਾ ਪਵੇ।

ਵਿਕਾਸ ਯੋਜਨਾਕਾਰ ਹਮੇਸ਼ਾ ਇਹ ਮੰਨਦੇ ਹਨ ਕਿ ਕੁਦਰਤੀ ਸੰਪੱਤੀਆਂ ਜਿਨ੍ਹਾਂ 'ਤੇ ਵਿਕਾਸ ਨਿਰਭਰ ਕਰਦਾ ਹੈ ਉਹ ਅਧੂਰੇ ਹਨ ਅਤੇ ਦੂਜੇ ਪਾਸੇ ਵਰਤੋਂ ਲਈ ਹਮੇਸ਼ਾ ਮੌਜੂਦ ਰਹਿਣਗੇ, ਪਰ ਸੰਭਾਲਵਾਦੀ ਅਕਸਰ ਕੁਦਰਤ 'ਤੇ ਵਿਕਾਸ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਨ ਜਾਂ ਲੋਕਾਂ ਲਈ ਇਸ ਨੂੰ ਸੀਮਾਵਾਂ ਤੋਂ ਬਾਹਰ ਕਰਨ ਲਈ ਰੁੱਝੇ ਰਹਿੰਦੇ ਹਨ। ਇਸ ਲਈ ਨਿਰਪੱਖ ਢੰਗ ਨਾਲ ਬਾਹਰ ਨਿਕਲਣ ਲਈ ਦੋਵਾਂ ਪਹਿਲੂਆਂ ਨੂੰ ਜੋੜਨ ਦੀ ਲੋੜ ਮਹਿਸੂਸ ਕੀਤੀ ਗਈ ਤਾਂ ਜੋ ਸਾਡੇ ਸੁਭਾਅ ਨਾਲ ਸਮਝੌਤਾ ਕੀਤੇ ਬਿਨਾਂ ਕਾਫ਼ੀ ਮਾਤਰਾ ਵਿੱਚ ਵਿਕਾਸ ਹੋ ਸਕੇ।

ਇਹ ਦੇਖਿਆ ਗਿਆ ਹੈ ਕਿ ਆਰਥਿਕ ਵਿਕਾਸ ਅਕਸਰ ਲੋਕਾਂ ਨੂੰ ਚੀਜ਼ਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਦੀ ਕੁਦਰਤ ਦੀ ਯੋਗਤਾ ਦੀ ਕੀਮਤ 'ਤੇ ਅੱਗੇ ਵਧਦਾ ਹੈ। ਦੁਨੀਆ ਭਰ ਦੇ ਜੰਗਲਾਂ ਦੇ 20 ਪ੍ਰਤੀਸ਼ਤ ਖੇਤਰ ਨੂੰ ਲੌਗਰਾਂ, ਕਿਸਾਨਾਂ ਅਤੇ ਪਸ਼ੂ ਪਾਲਕਾਂ ਦੁਆਰਾ ਉਜਾੜ ਦਿੱਤਾ ਗਿਆ ਹੈ, ਜੋ ਸਾਡੇ ਗ੍ਰਹਿ ਦੇ ਫੇਫੜਿਆਂ ਦੀ ਸਮਰੱਥਾ ਲਈ ਬਹੁਤ ਵੱਡਾ ਖਤਰਾ ਪੈਦਾ ਕਰ ਰਹੇ ਹਨ। ਕਾਰਬਨ ਡਾਈਆਕਸਾਈਡ ਨੂੰ ਆਕਸੀਜਨ ਵਿੱਚ ਰੀਸਾਈਕਲ ਕਰਨਾ, ਸਾਡੀ ਹਵਾ ਨੂੰ ਸਾਫ਼ ਕਰਨਾ, ਅਤੇ ਖੇਤਰੀ ਅਤੇ ਗਲੋਬਲ ਜਲਵਾਯੂ ਨੂੰ ਨਿਯੰਤ੍ਰਿਤ ਕਰਨਾ ਅਸਲ ਵਿੱਚ ਮੁਸ਼ਕਲ ਹੋ ਰਿਹਾ ਹੈ। ਵੱਡੀਆਂ ਨਦੀਆਂ ਅੱਜਕੱਲ੍ਹ ਵਾਤਾਵਰਣ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀਆਂ ਹਨ ਜਿਵੇਂ ਕਿ ਤੇਜ਼ੀ ਨਾਲ ਉਦਯੋਗੀਕਰਨ ਅਤੇ ਉਨ੍ਹਾਂ ਦੇ ਰਹਿੰਦ-ਖੂੰਹਦ ਨੂੰ ਦਰਿਆਵਾਂ ਵਿੱਚ ਨਿਯੰਤਰਿਤ ਕਰਨ ਦੇ ਕਾਰਨ ਪਾਣੀ ਦੇ ਪ੍ਰਦੂਸ਼ਣ ਅਤੇ ਜ਼ਹਿਰੀਲੀਆਂ ਭਾਵਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਹ ਬਦਲੇ ਵਿੱਚ, ਮਨੁੱਖਾਂ ਲਈ ਮਨੋਰੰਜਨ ਗਤੀਵਿਧੀਆਂ ਨੂੰ ਖ਼ਤਰੇ ਵਿੱਚ ਪਾਉਂਦਾ ਹੈ। ਕਈ ਹੋਰ ਗਤੀਵਿਧੀਆਂ ਜਿਵੇਂ ਕਿ ਖਣਨ, ਜੰਗਲਾਂ ਦੀ ਕਟਾਈ, ਬਾਲਣ ਨੂੰ ਸਾੜਨਾ ਆਦਿ ਸਾਡੇ ਵਾਤਾਵਰਣ ਲਈ ਬਹੁਤ ਵੱਡਾ ਖਤਰਾ ਪੈਦਾ ਕਰ ਰਹੇ ਹਨ ਅਤੇ ਪ੍ਰਦੂਸ਼ਣ ਅਤੇ ਕੁਦਰਤੀ ਸਰੋਤਾਂ ਦੀ ਕਮੀ ਦਾ ਕਾਰਨ ਬਣ ਰਹੇ ਹਨ।

ਕੁਦਰਤ ਅਤੇ ਵਿਕਾਸ ਵਿਚਕਾਰ ਸੰਤੁਲਨ ਬਣਾਉਣਾ: ਵਿਕਾਸ ਦੀ ਤੇਜ਼ ਪ੍ਰਕਿਰਿਆ ਦੇ ਨਾਲ, ਅਸੀਂ ਕੁਦਰਤ 'ਤੇ ਸਾਡੀਆਂ ਗਤੀਵਿਧੀਆਂ ਦੇ ਨੁਕਸਾਨਦੇਹ ਪ੍ਰਭਾਵਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਾਂ। ਮੁਨਾਫਾ ਵਧਾਉਣ ਲਈ ਬਹੁਤ ਸਾਰੇ ਸਨਅਤਕਾਰ ਵਾਤਾਵਰਣ ਸੰਬੰਧੀ ਵੱਖ-ਵੱਖ ਕਾਨੂੰਨਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ ਅਤੇ ਸਿਰਫ਼ ਆਪਣੇ ਮੁਨਾਫ਼ੇ ਕਮਾਉਣ ਦੀ ਚਿੰਤਾ ਕਰ ਰਹੇ ਹਨ। ਸਮੇਂ ਦੀ ਲੋੜ ਹੈ ਕਿ ਕੁਝ ਕੁਦਰਤ ਪੱਖੀ ਤਕਨੀਕਾਂ ਦਾ ਅਭਿਆਸ ਕੀਤਾ ਜਾਵੇ ਤਾਂ ਜੋ ਸਾਡੇ ਕੁਦਰਤੀ ਵਾਤਾਵਰਣ ਨਾਲ ਸਮਝੌਤਾ ਕੀਤੇ ਬਿਨਾਂ ਵਿਕਾਸ ਦੀ ਪ੍ਰਕਿਰਿਆ ਜਾਰੀ ਰਹੇ। ਨਾਗਰਿਕਾਂ ਦੀ ਲੰਮੀ-ਮਿਆਦ ਦੀ ਦ੍ਰਿਸ਼ਟੀ ਅਤੇ ਬਹੁ-ਪੀੜ੍ਹੀ ਦੀਆਂ ਕਦਰਾਂ-ਕੀਮਤਾਂ ਨੇ ਕਸਬਿਆਂ ਵਿੱਚ ਜੀਵਨ ਅਤੇ ਰਹਿਣ-ਸਹਿਣ ਦੀ ਉੱਚ ਗੁਣਵੱਤਾ ਪੈਦਾ ਕੀਤੀ ਹੈ ਜੋ ਕਮਾਲ ਦੀ ਵਿਲੱਖਣ ਅਤੇ ਸੁੰਦਰ ਹੈ। ਪਰ ਚਿੰਤਾ ਦੀ ਗੱਲ ਇਹ ਹੈ ਕਿ ਸਾਡਾ ਖੇਤਰ ਬਦਲ ਰਿਹਾ ਹੈ। ਤੇਜ਼ੀ ਨਾਲ ਵਿਕਾਸ ਅਤੇ ਬਹੁਤ ਸਾਰੇ ਲੋਕ ਪੇਂਡੂ ਤੋਂ ਸ਼ਹਿਰੀ ਖੇਤਰ ਵੱਲ ਜਾਣ ਕਾਰਨ, ਇਸ ਨਾਲ ਵੱਡੇ ਸ਼ਹਿਰਾਂ ਵਿੱਚ ਬਹੁਤ ਭੀੜ ਪੈਦਾ ਹੋ ਗਈ ਹੈ, ਨਤੀਜੇ ਵਜੋਂ ਸ਼ਹਿਰਾਂ ਵਿੱਚ ਹਰ ਰੋਜ਼ ਨਵੇਂ ਵਸਨੀਕ ਆ ਰਹੇ ਹਨ, ਜਿਸ ਨਾਲ ਰੁੱਖਾਂ ਦੀ ਕਟਾਈ ਅਤੇ ਕੁਦਰਤੀ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਹੋ ਰਹੀ ਹੈ। ਇਸ ਤਰ੍ਹਾਂ ਕੁਦਰਤੀ ਖੇਤਰਾਂ, ਜੰਗਲੀ ਜੀਵ-ਜੰਤੂਆਂ ਦੇ ਨਿਵਾਸ ਸਥਾਨਾਂ, ਸਾਫ਼ ਨਦੀਆਂ ਅਤੇ ਨਦੀਆਂ 'ਤੇ ਦਬਾਅ ਵਧ ਰਿਹਾ ਹੈ। ਸੰਭਾਲ ਅਤੇ ਰਹਿਣਯੋਗਤਾ ਦੇ ਨਾਲ ਵਿਕਾਸ ਅਤੇ ਵਿਕਾਸ ਨੂੰ ਸੰਤੁਲਿਤ ਕਰਨ ਲਈ ਨਵੀਨਤਾਕਾਰੀ ਤਰੀਕਿਆਂ ਦੀ ਖੋਜ ਕਰਨ ਦੀ ਮੁੱਖ ਲੋੜ ਹੈ।

ਵਧਦਾ ਸ਼ਹਿਰੀਕਰਨ ਨਾ ਸਿਰਫ਼ ਸਾਡੇ ਵਾਤਾਵਰਨ ਲਈ ਖ਼ਤਰਾ ਹੈ, ਸਗੋਂ ਤੇਜ਼ੀ ਨਾਲ ਉਦਯੋਗੀਕਰਨ ਇਕ ਹੋਰ ਵੱਡਾ ਮੁੱਦਾ ਹੈ। ਉਦਯੋਗ ਅਕਸਰ ਧੂੰਏਂ ਦੇ ਰੂਪ ਵਿੱਚ ਵੱਖ-ਵੱਖ ਰਹਿੰਦ-ਖੂੰਹਦ ਨੂੰ ਛੱਡਦੇ ਹਨ ਜੋ ਆਮ ਤੌਰ 'ਤੇ ਉਨ੍ਹਾਂ ਦੀਆਂ ਚਿਮਨੀਆਂ ਤੋਂ ਜ਼ਹਿਰੀਲੇ ਹੁੰਦੇ ਹਨ ਅਤੇ ਉਨ੍ਹਾਂ ਦੇ ਤਰਲ ਰਹਿੰਦ-ਖੂੰਹਦ ਨੂੰ ਨਦੀਆਂ ਵਿੱਚ ਛੱਡਦੇ ਹਨ ਜੋ ਕੁਦਰਤ ਵਿੱਚ ਦੁਬਾਰਾ ਜ਼ਹਿਰੀਲੇ ਹੁੰਦੇ ਹਨ ਅਤੇ ਸਾਡੇ ਨਦੀ ਸਰੋਤਾਂ ਨੂੰ ਪ੍ਰਦੂਸ਼ਿਤ ਕਰਦੇ ਹਨ। ਸਰਕਾਰ ਨੇ ਇਨ੍ਹਾਂ ਉਦਯੋਗਾਂ ਲਈ ਆਪਣੇ ਕੂੜੇ ਨੂੰ ਨਿਪਟਾਉਣ ਲਈ ਨੀਤੀਆਂ ਬਣਾਈਆਂ ਹਨ ਪਰ ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ ਇਹ ਲੋਕ ਇਨ੍ਹਾਂ ਕਾਨੂੰਨਾਂ ਨੂੰ ਨਜ਼ਰਅੰਦਾਜ਼ ਕਰਕੇ ਵਾਤਾਵਰਨ ਨੂੰ ਦੂਸ਼ਿਤ ਕਰ ਰਹੇ ਹਨ। ਇਨ੍ਹਾਂ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਲੋੜ ਹੈ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਕਾਨੂੰਨਾਂ ਦੀ ਪਾਲਣਾ 'ਤੇ ਨਿਯਮਤ ਤੌਰ 'ਤੇ ਜਾਂਚ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਕਾਨੂੰਨਾਂ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਜੁਰਮਾਨੇ ਦੇਣੇ ਚਾਹੀਦੇ ਹਨ ਅਤੇ ਵਾਰ-ਵਾਰ ਡਿਫਾਲਟਰਾਂ ਨੂੰ ਇਨ੍ਹਾਂ ਦੀ ਪ੍ਰਕਿਰਿਆ ਨੂੰ ਜਾਰੀ ਰੱਖਣ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ।

ਲੋਕਾਂ ਨੂੰ ਵਾਤਾਵਰਨ ਨੂੰ ਪਲੀਤ ਕਰਨ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਦੀ ਲੋੜ ਹੈ ਅਤੇ ਵਾਤਾਵਰਨ ਪੱਖੀ ਤਕਨੀਕਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਕੁਦਰਤ ਦੇ ਅਨੁਕੂਲ ਵਿਕਾਸ ਅਭਿਆਸਾਂ ਦੀ ਵਰਤੋਂ ਕਰਨਾ ਸਾਡੀਆਂ ਕੁਦਰਤੀ ਸੰਪਤੀਆਂ ਦੀ ਰੱਖਿਆ ਕਰਦਾ ਹੈ ਕਿਉਂਕਿ ਅਸੀਂ ਕੁਦਰਤੀ ਸਾਡੇ ਸਰੋਤਾਂ 'ਤੇ ਵਿਕਾਸ ਦੇ ਨੁਕਸਾਨਦੇਹ ਪ੍ਰਭਾਵ ਨੂੰ ਘਟਾ ਕੇ ਵਧਦੇ ਹਾਂ। ਹਰੇ ਜਾਂ ਘੱਟ ਪ੍ਰਭਾਵ ਵਾਲੇ ਵਿਕਾਸ ਨੂੰ ਵੀ ਕਿਹਾ ਜਾਂਦਾ ਹੈ, ਕੁਦਰਤ-ਅਨੁਕੂਲ ਵਿਕਾਸ ਅਭਿਆਸ ਕੁਦਰਤ ਨਾਲ ਸਮਝੌਤਾ ਕੀਤੇ ਬਿਨਾਂ ਵਾਤਾਵਰਣ ਦੀ ਗਤੀ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ।

ਕੁਦਰਤ ਦੇ ਅਨੁਕੂਲ ਅਭਿਆਸ: ਕੁਦਰਤੀ ਪ੍ਰਣਾਲੀਆਂ ਅਤੇ ਜਲ-ਵਿਗਿਆਨਕ ਸਰੋਤਾਂ ਨੂੰ ਬਚਾਉਣ ਲਈ ਕੁਦਰਤ-ਪੱਖੀ ਅਭਿਆਸਾਂ ਨੂੰ ਅਪਣਾਉਣਾ ਬਹੁਤ ਜ਼ਰੂਰੀ ਹੈ। ਸਾਡੇ ਵਾਤਾਵਰਨ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ ਅਤੇ ਇਹ ਹਰ ਮਨੁੱਖ ਦਾ ਫਰਜ਼ ਬਣਦਾ ਹੈ ਕਿ ਉਹ ਵਾਤਾਵਰਨ ਦੀ ਸੰਭਾਲ ਪ੍ਰਤੀ ਆਪਣਾ ਫਰਜ਼ ਨਿਭਾਵੇ। ਸਾਡਾ ਵਾਤਾਵਰਨ ਸਾਨੂੰ ਸ਼ੁੱਧ ਅਤੇ ਤਾਜ਼ੀ ਹਵਾ, ਪਾਣੀ, ਭੋਜਨ ਅਤੇ ਫਲ ਆਦਿ ਪ੍ਰਦਾਨ ਕਰਦਾ ਹੈ, ਇਸ ਲਈ ਇਸ ਦੇ ਮੁਕਤੀਦਾਤਾ ਵਜੋਂ ਕੰਮ ਕਰਨਾ ਸਾਡਾ ਫਰਜ਼ ਬਣਦਾ ਹੈ। ਅਸੀਂ ਸਾਰੇ ਆਪਣੀ ਕੁਦਰਤ ਨੂੰ ਬਚਾਉਣ ਲਈ ਕਿਸੇ ਨਾ ਕਿਸੇ ਤਰੀਕੇ ਨਾਲ, ਭਾਈਚਾਰਕ ਪੱਧਰ ਦੇ ਨਾਲ-ਨਾਲ ਨਿੱਜੀ ਪੱਧਰ 'ਤੇ ਵੀ ਯੋਗਦਾਨ ਪਾ ਸਕਦੇ ਹਾਂ।

ਸਿੱਟਾ: ਗਲੋਬਲ ਜਲਵਾਯੂ ਬਦਲ ਰਿਹਾ ਹੈ ਅਤੇ, ਉਸੇ ਸਮੇਂ, ਸਾਡੀਆਂ ਕੁਦਰਤੀ ਸੰਪਤੀਆਂ ਘਟ ਰਹੀਆਂ ਹਨ। ਇਹ ਦੋਵੇਂ ਰੁਝਾਨ ਟਕਰਾਅ ਦੇ ਰਾਹ 'ਤੇ ਹਨ ਅਤੇ ਇਹ ਜਾਗਣ ਦਾ ਉੱਚਾ ਸਮਾਂ ਹੈ। ਸਾਡੀ ਪ੍ਰਕਿਰਤੀ ਸਾਨੂੰ ਰੋਜ਼ੀ-ਰੋਟੀ ਲਈ ਵੱਡੀਆਂ ਲੋੜਾਂ ਪ੍ਰਦਾਨ ਕਰ ਰਹੀ ਹੈ ਅਤੇ ਬਦਲੇ ਵਿੱਚ, ਇਸ ਨੂੰ ਪ੍ਰਦੂਸ਼ਿਤ ਕਰਨਾ ਅਤੇ ਇਸਨੂੰ ਖਤਮ ਕਰਨਾ ਬੇਇਨਸਾਫ਼ੀ ਹੈ। ਕੁਦਰਤ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ ਲਈ ਕੰਮ ਕਰਨਾ ਸਾਡਾ ਸਮਾਜਿਕ ਫਰਜ਼ ਹੈ। ਆਰਥਿਕ ਵਿਕਾਸ ਅਕਸਰ ਲੋਕਾਂ ਨੂੰ ਵਸਤੂਆਂ ਅਤੇ ਸੇਵਾਵਾਂ ਪ੍ਰਦਾਨ ਕਰਨ ਦੀ ਕੁਦਰਤ ਦੀ ਯੋਗਤਾ ਦੀ ਕੀਮਤ 'ਤੇ ਅੱਗੇ ਵਧਦਾ ਹੈ ਪਰ ਸਾਨੂੰ ਦੋਵਾਂ ਵਿਚਕਾਰ ਸੰਤੁਲਨ ਬਣਾਉਣ ਦਾ ਤਰੀਕਾ ਲੱਭਣਾ ਹੋਵੇਗਾ। ਕੁਦਰਤ ਵਿਕਾਸ ਦਾ ਵਿਰੋਧੀ ਨਹੀਂ ਹੈ ਜੇਕਰ ਯੋਜਨਾਬੱਧ ਢੰਗ ਨਾਲ ਕੀਤਾ ਜਾਵੇ। ਅੱਜ ਲੋੜ ਇਸ ਗੱਲ ਨੂੰ ਸਮਝਣ ਦੀ ਹੈ ਕਿ ਸਾਡੇ ਕੁਦਰਤੀ ਵਾਤਾਵਰਨ ਨੂੰ ਵਿਗਾੜਨਾ ਸਾਡਾ ਆਪਣਾ ਨੁਕਸਾਨ ਹੈ ਅਤੇ ਆਪਣੀ ਕੁਦਰਤ ਨੂੰ ਨੁਕਸਾਨ ਪਹੁੰਚਾਏ ਬਿਨਾਂ ਵਿਕਾਸ ਦੀ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨ ਦੇ ਤਰੀਕੇ ਲੱਭੀਏ। ਅਜਿਹੇ ਫੈਸਲੇ ਲੈਣੇ ਮਹੱਤਵਪੂਰਨ ਹਨ ਜੋ ਸਾਡੇ ਮਹੱਤਵਪੂਰਨ ਕੁਦਰਤੀ ਖੇਤਰਾਂ ਦੇ ਵਿਕਾਸ ਦੇ ਤਰੀਕੇ ਨੂੰ ਬਦਲ ਸਕਦੇ ਹਨ, ਅਤੇ ਕੁਦਰਤ ਦੀ ਸੰਭਾਲ ਨੂੰ ਸਰਕਾਰਾਂ, ਕੰਪਨੀਆਂ ਅਤੇ ਭਾਈਚਾਰਿਆਂ ਨੂੰ ਸਪੇਸ ਦੀ ਵਰਤੋਂ ਅਤੇ ਸ਼ੇਅਰ ਕਰਨ, ਕੁਦਰਤੀ ਖੇਤਰਾਂ ਦੀ ਰੱਖਿਆ ਕਰਨ, ਸਰੋਤ ਪ੍ਰਬੰਧਨ ਵਿੱਚ ਸੁਧਾਰ ਕਰਨ ਅਤੇ ਨਿਵੇਸ਼ ਕਰਨ ਦੇ ਯੋਗ ਬਣਾਉਣ ਲਈ ਵਿਗਿਆਨ ਨੂੰ ਵਿਕਸਤ ਕਰਨਾ ਹੈ। ਇੱਕ ਟਿਕਾਊ ਭਵਿੱਖ ਲਈ ਵਧੇਰੇ ਸਮਝਦਾਰੀ ਨਾਲ।

*-ਵਿਜੈ ਗਰਗ*
*ਸੇਵਾਮੁਕਤ ਪ੍ਰਿੰਸੀਪਲ*
*ਸਾਬਕਾ ਪੀਈਐਸ-1*
*ਮਲੋਟ ਪੰਜਾਬ।*

# ਜੇਲ੍ਹ ਮੰਤਰੀ ਹਰਜੋਤ ਬੈਂਸ ਨੇ ਕਿਹਾ: ਜੇਲ੍ਹਾਂ ਨੂੰ ਗੈਂਗਸਟਰਾਂ ਦਾ ਸੇਫ ਹਾਊਸ ਨਹੀਂ ਬਣਨ ਦੇਵਾਂਗੇ

ਲੁਧਿਆਣਾ, 6 ਜੂਨ (ਪੋਸਟ ਬਿਊਰੋ)- ਪੰਜਾਬ ਦੇ ਜੇਲ੍ਹਾਂ ਤੇ ਮਾਈਨਿੰਗ ਵਿਭਾਗ ਦੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਹੈ ਕਿ ਸਰਕਾਰ ਵੱਲੋਂ ਜੇਲ੍ਹਾਂ ਨੂੰ ਗੈਂਗਸਟਰਾਂ ਦਾ ਸੇਫ ਹਾਊਸ ਨਹੀਂ ਬਣਨ ਦਿੱਤਾ ਜਾਵੇਗਾ ਅਤੇ ਜੇਲ੍ਹਾਂ ਨੂੰ ਸਹੀ ਅਰਥਾਂ ਵਿੱਚ ਸੁਧਾਰ ਘਰ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ।



ਕੱਲ੍ਹ ਏਥੇ ਸਥਾਨਕ ਕੇਂਦਰੀ ਜੇਲ੍ਹ ਦਾ ਅਚਾਨਕ ਨਿਰੀਖਣ ਕਰਨ ਪਿੱਛੋਂ ਮੀਡੀਆ ਨਾਲ ਗੈਰ ਰਸਮੀ ਗੱਲਬਾਤ ਕਰਦੇ ਹੋਏ ਹਰਜੋਤ ਸਿੰਘ ਬੈਂਸ ਕਿਹਾ ਕਿ ਪਿਛਲੀਆਂ ਰਾਜ ਸਰਕਾਰਾਂ ਨੇ ਜੇਲ੍ਹਾਂ ਨੂੰ ਸੁਧਾਰ ਘਰ ਬਣਾਉਣ ਦਾ ਕੋਈ ਵੀ ਕਦਮ ਨਹੀਂ ਚੁੱਕਿਆ, ਸਗੋਂ ਇੱਥੇ ਗੈਂਗਸਟਰਾਂ ਦਾ ਬੋਲਬਾਲਾ ਸੀ, ਪਰ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਏਦਾਂ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਜੇਲ੍ਹਾਂ ਦੇ ਬੁਨਿਆਦੀ ਵਿਕਾਸ ਵੱਲ ਧਿਆਨ ਦੇ ਕੇ ਜੇਲ੍ਹ ਵਿਭਾਗ ਵਿੱਚ ਸਟਾਫ ਦੀ ਕਮੀ ਦੂਰ ਕਰਨ ਲਈ ਨਵੀਂ ਭਰਤੀ ਕੀਤੀ ਜਾ ਰਹੀ ਹੈ ਤੇ 1000 ਜੇਲ੍ਹ ਵਾਰਡਨਾਂ ਦੀ ਭਰਤੀ ਪ੍ਰਕਿਰਿਆ ਜਾਰੀ ਹੈ।

ਇੱਕ ਸਵਾਲ ਦੇ ਜਵਾਬ ਵਿੱਚ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਲੁਧਿਆਣਾ ਸਮੇਤ ਸੂਬੇ ਦੀਆਂ ਕਈ ਜੇਲ੍ਹਾਂ ਨੂੰ ਹਾਈ ਸਕਿਓਰਿਟੀ ਅਲਰਟ ਦੀ ਕੈਟਾਗਰੀ ਵਿੱਚ ਰੱਖਿਆ ਗਿਆ ਹੈ। ਉਨ੍ਹਾ ਦਾਅਵਾ ਕੀਤਾ ਕਿ ਅਗਲੇ ਮਹੀਨਿਆਂ ਦੌਰਾਨ ਪੰਜਾਬ ਦੀ ਹਰ ਜੇਲ੍ਹ ਨੂੰ ਮੋਬਾਈਲ ਮੁਕਤ ਕਰ ਦਿੱਤਾ ਜਾਵੇਗਾ ਤੇ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੋਵੇਗਾ, ਜਿੱਥੋਂ ਦੀਆਂ ਜੇਲ੍ਹਾਂ ਵਿੱਚ ਜੈਮਰ ਅਤੇ ਆਧੁਨਿਕ ਤਕਨੀਕ ਵਾਲੇ ਸੀ ਸੀ ਟੀ ਵੀ ਕੈਮਰੇ ਲਾਏ ਜਾਣਗੇ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਕੈਦੀਆਂ ਲਈ ਮੋਬਾਈਲ ਫੋਨ ਬਾਹਰੋਂ ਜਾਂਦੇ ਹਨ, ਪਰ ਇਸ ਨੂੰ ਰੋਕਣ ਜੇਲ੍ਹ ਵਿੱਚ ਮੋਬਾਈਲ ਵਰਤਣ ਵਾਲੇ ਉਤੇ ਸਖਤੀ ਦੇ ਨਾਲ ਜਿਸ ਦੇ ਨਾਂਅ ਉਤੇ ਸਿਮ ਚਲਦਾ ਹੈ, ਉਸ ਉੱਤੇ ਵੀ ਕਾਰਵਾਈ ਕੀਤੀ ਜਾਵੇਗੀ।

# ਮਨੀਸ਼ ਤਿਵਾੜੀ ਵੱਲੋਂ ਮੰਗ: ਐਨ ਐਫ਼ ਐਲ ਕੋਰਟ ਤੋਂ ਕੇਸ ਵਾਪਿਸ ਕਰਵਾ ਕੇ ਕਿਸਾਨਾਂ ਦੀ ਜ਼ਮੀਨ ਵਾਪਿਸ ਕਰੋ

ਨੰਗਲ, 6 ਜੂਨ (ਪੋਸਟ ਬਿਊਰੋ)- ਨੰਗਲ ਸ਼ਹਿਰ ਭਾਖੜਾ ਡੈਮ ਦਾ ਜਨਮ ਸਥਾਨ ਹੈ ਤੇ ਨਯਾ ਨੰਗਲ ਦੇ ਐਨ ਐਫ਼ ਐਲ (ਨੈਸ਼ਨਲ ਫਰਟੀਲਾਈਜ਼ਰ ਲਿਮਿਟਿਡ) ਦੇ ਬਣਨ ਨਾਲ ਜਿੱਥੇ ਨਯਾ ਨੰਗਲ ਨੇ ਹਰੀ ਕ੍ਰਾਂਤੀ ਵਿੱਚ ਯੋਗਦਾਨ ਪਾਇਆ ਸੀ, ਓਥੇ 1500 ਦੇ ਕਰੀਬ ਪਰਵਾਰ ਪਿਛਲੇ 54 ਸਾਲਾਂ ਤੋਂ ਐਨ ਐਫ਼ ਐਲ ਦੇਖਿਲਾਫ ਆਪਣੀ ਜ਼ਮੀਨ ਉੱਤੇ ਕਬਜ਼ਾ ਕਰਨ ਲਈ ਸੰਘਰਸ਼ ਕਰ ਰਹੇ ਹਨ।ਇਸ ਬਾਰੇ ਜਦੋਂ ਪਹਿਲਕਦਮੀ ਵੈਲਫ਼ੇਅਰ ਸੁਸਾਈਟੀ ਨੇ ਐਮ ਪੀ ਮਨੀਸ਼ ਤਿਵਾੜੀ ਨਾਲ ਗੱਲ ਕੀਤੀ ਤਾਂ ਤਿਵਾੜੀ ਨੇ ਆਪਣੀ ਤਰਫ਼ੋਂ ਕੈਮੀਕਲਜ਼ ਅਤੇ ਫਰਟੀਲਾਈਜ਼ਰ ਮੰਤਰੀ ਨੇ ਪੱਤਰ ਲਿੱਖ ਕੇ ਇਸ ਮਸਲੇ ਦਾ ਜਲਦ ਹੱਲ ਕਰਨ ਦੇ ਲਈ ਅਪੀਲ ਕੀਤੀ ਹੈ।



ਪਾਰਲੀਮੈਂਟ ਮੈਂਬਰ ਮਨੀਸ਼ ਤਿਵਾੜੀ ਨੇ ਇਸ ਪੱਤਰ ਵਿੱਚ ਕਿਹਾ ਹੈ ਕਿ 1986 ਵਿੱਚ ਐਨ ਐਫ ਐਲ ਨੇ 309 ਏਕੜ ਜ਼ਮੀਨ ਪੰਜਾਬ ਸਰਕਾਰ ਨੂੰ ਵਾਪਸ ਕਰ ਦਿੱਤੀ ਸੀ, ਕਿਉਂਕਿ ਉਨ੍ਹਾਂ ਕੋਲ ਵਾਧੂ ਜ਼ਮੀਨ ਮਾਲਕਾਂ ਨੂੰ ਵਾਪਸ ਕਰਨੀਬਣਦੀ ਹੈ। ਸਾਲ 1998 ਵਿੱਚ ਐਨ ਐਫ ਐਲ ਨੇ ਆਪਣੀ 241ਵੀਂ ਮੀਟਿੰਗ ਵਿੱਚ ਇਸ ਫ਼ੈਸਲੇ ਨੂੰ ਉਲਟਾ ਦਿੱਤਾ ਅਤੇ ਲੋਕਾਂ ਦੀ ਜ਼ਮੀਨ ਉੱਤੇਫਿਰ ਹੱਕ ਜਤਾਉਣਾ ਸ਼ੁਰੂ ਕਰ ਦਿੱਤਾ।ਐਮ ਪੀ ਤਿਵਾੜੀ ਨੇ ਲਿਖਿਆ ਕਿ ਪੰਜਾਬ ਸਰਕਾਰ ਨੇ 1998 ਤਕ ਜ਼ਮੀਨ ਵਾਪਸ ਕਰਨ ਦੀ ਸਾਰੀ ਪ੍ਰਕਿਰਿਆ ਪੂਰੀ ਕਰ ਲਈ ਸੀ, ਪਰ ਐਨ ਐਫ ਐਲ ਨੇ ਅਜਿਹਾ ਗਲਤ ਕਦਮ ਚੁੱਕਿਆ, ਜੋ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਐਨ ਐਫ ਐਲ ਨੇ ਸਾਲ 2000 ਵਿੱਚ ਅਦਾਲਤ ਨੂੰ ਪਹੁੰਚ ਕੀਤੀ ਸੀ ਜਿਸ ਕਾਰਨ ਅੱਜ ਤਕ ਇਹ ਜ਼ਮੀਨ ਉਨ੍ਹਾਂ ਦੇ ਮਾਲਕਾਂ ਨੂੰ ਨਹੀਂ ਮਿਲ ਸਕੀ। ਉਸ ਨੇ ਮੰਤਰੀ ਤੋਂ ਮੰਗ ਕੀਤੀ ਕਿ ਉਹ ਅਦਾਲਤੀ ਕੇਸ ਵਾਪਸ ਲੈ ਕੇ ਜ਼ਮੀਨ ਮਾਲਕਾਂ ਨੂੰ ਵਾਪਸ ਦਿੱਤੀ ਜਾਵੇ ਤਾਂ ਜੋ ਉਹ ਆਪਣਾ ਗੁਜ਼ਾਰਾ ਚਲਾ ਸਕਣ।

# ਥਾਣੇ ਵਿੱਚ ਜਮ੍ਹਾ ਕਰਵਾਇਆ ਅਸਲਾ ਨਸ਼ਾ ਤਸਕਰਾਂ ਕੋਲੋਂ ਮਿਲਿਆ

*** ਰਿਕਾਰਡ ਮੁਤਾਬਕ ਅਸਲਾ ਥਾਣੇ ਵਿਚ ਮੌਜੂਦ**

ਬਠਿੰਡਾ, 6 ਜੂਨ (ਪੋਸਟ ਬਿਊਰੋ)- ਥਾਣੇ ਵਿੱਚ ਜਮ੍ਹਾ ਅਸਲਾ ਨਸ਼ਾ ਤਸਕਰਾਂ ਤੋਂਮਿਲਣ ਨਾਲ ਪੁਲਸ ਦੀ ਕਾਰਗੁਜ਼ਾਰੀ ਉੱਤੇ ਸਵਾਲੀਆ ਚਿੰਨ੍ਹ ਲੱਗ ਗਏ ਹਨ ਅਤੇ ਇਸ ਦੀ ਜਾਂਚ ਹੋਣ ਲੱਗੀ ਹੈ।

ਮਿਲੀ ਜਾਣਕਾਰੀ ਮੁਤਾਬਕ ਬੀਤੀ 27 ਮਈ ਨੂੰ ਸੀ ਆਈ ਏ ਸਟਾਫ ਨੇ ਰਾਮ-ਪੁਰਾ ਵਿੱਚ ਨਸ਼ਾ ਤਸਕਰ ਨੂੰ ਕਾਬੂ ਕਰ ਕੇ ਉਹਦੇ ਕੋਲੋਂ ਨਸ਼ੀਲੀਆਂ ਗੋਲੀਆਂ ਤੇ ਪਿਸਤੌਲ ਬਰਾਮਦ ਕੀਤੀ ਸੀ। ਇਸ ਦੌਰਾਨ ਨਸ਼ਾ ਤਸਕਰ ਦਾ ਸਾਥੀ ਮੌਕੇ ਤੋਂ ਫਰਾਰ ਹੋ ਗਿਆ ਸੀ। ਪੁਲਸ ਦੀ ਪੜਤਾਲ ਦੌਰਾਨ ਪਤਾ ਲੱਗਾ ਕਿ ਫੜੇ ਗਏ ਅਸਲੇ ਦਾ ਮਾਲਕ ਪ੍ਰੀਤਮ ਸਿੰਘ ਵਾਸੀ ਭਗਤ ਭਾਈ ਕਾ ਹੈ।ਇਸ ਬਾਰੇ ਸੀ ਆਈ ਏ ਦੇ ਅਧਿਕਾਰੀਆਂ ਨੇ ਪ੍ਰੀਤਮ ਸਿੰਘ ਨੂੰ ਪੁੱਛਿਆ ਤਾਂ ਉਸ ਨੇ ਖੁਲਾਸਾ ਕੀਤਾ ਕਿ ਇਹ ਅਸਲਾ ਉਸ ਨੇ ਤਿੰਨ ਜੂਨ ਨੂੰ ਥਾਣਾ ਦਿਆਲਪੁਰਾ ਵਿਖੇ ਜਮ੍ਹਾ ਕਰਵਾ ਦਿਤਾ ਸੀ ਕਿਉਂਕਿ ਉਸ ਵਿਰੁੱਧ ਇਰਾਦਾ ਕਤਲ ਦਾ ਕੇਸ ਦਰਜ ਹੋਇਆ ਸੀ। ਉਸ ਨੇ ਮੰਗ ਕੀਤੀ ਹੈ ਕਿ ਥਾਣੇ ਤੋਂ ਉਸ ਦਾ ਅਸਲਾ ਗਾਇਬ ਕਰਨ ਵਾਲੇ ਪੁਲਸ ਮੁਲਾਜ਼ਮਾਂ ਉੱਤੇ ਕਾਰਵਾਈ ਕੀਤੀ ਜਾਵੇ।ਬੀਤੀ 27 ਮਈ ਨੂੰ ਜਦੋਂ ਸੀ ਆਈ ਏ-1 ਸਬ ਇੰਸਪੈਕਟਰ ਹਰਜੀਵਨ ਸਿੰਘ ਪੁਲਸ ਪਾਰਟੀ ਨਾਲ ਗਸ਼ਤ ਦੌਰਾਨ ਰਾਮਪੁਰਾ ਜਾ ਰਹੇ ਸਨ ਤਾਂ ਸ਼ੱਕ ਦੇ ਆਧਾਰ ਉੱਤੇ ਕਾਰ ਚਾਲਕ ਨੂੰ ਰੁਕਣ ਕਿਹਾ ਤਾਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਅਖੀਰ ਪੁਲਸ ਨੇ ਨਸ਼ਾ ਤਸਕਰ ਨੂੰ ਕਾਰ ਸਣੇ ਕਾਬੂ ਕਰ ਲਿਆ ਸੀ।ਤਲਾਸ਼ੀ ਦੌਰਾਨ ਮੁਲਜ਼ਮ ਕੋਲੋਂ ਹੈਰੋਇਨ, ਗੋਲੀਆਂ ਤੇ 32 ਬੋਰ ਅਸਲਾ ਮਿਲਿਆ ਸੀ। ਪ੍ਰੀਤਮ ਸਿੰਘ ਦਾ ਅਸਲਾ ਗਾਇਬ ਹੋਣ ਮਗਰੋਂ ਪੁਲਸ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ।

# ਫ਼ੌਜ ਵਿੱਚ ਸਿੱਖ ਅਫ਼ਸਰਾਂ ਦੀ ਘਾਟ : ਲਾਲਪੁਰਾ

ਸੰਗਰੂਰ, 6 ਜੂਨ (ਪੋਸਟ ਬਿਊਰੋ)- ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਹੈ ਕਿ ਘੱਟ ਗਿਣਤੀਆਂ ਨੂੰ ਖਤਰਾ ਭਾਰਤ ਵਿੱਚ ਨਹੀਂ, ਸਗੋਂ ਅਮਰੀਕਾ ਵਿਚਵੱਧ ਹੈ।



ਰੇਲਵੇ ਸਟੇਸ਼ਨ ਸੰਗਰੂਰ ਵਿਖੇ ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਇਕਬਾਲ ਸਿੰਘ ਨੇ ਕਿਹਾ ਕਿ ਭਾਰਤ ਵਿੱਚ ਘੱਟ ਗਿਣਤੀਆਂ ਨੂੰ ਵੱਡਾ ਖਤਰਾ ਦੱਸ ਕੇ ਅਮਰੀਕਾ ਦਾ ਮੀਡੀਆ ਗੁਮਰਾਹਕੁੰਨ ਪ੍ਰਚਾਰ ਕਰਨਲੱਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਨਿਊਯਾਰਕ ਵਿੱਚ ਪਿਛਲੇ ਸਮੇਂ ਦੌਰਾਨ ਸੜਕ ਉੱਤੇ ਜਾਂਦੇ ਦੋ ਸਿੱਖਾਂ ਉਤੇ ਵੀ ਕਾਤਲਾਨਾ ਹਮਲਾ ਕੀਤਾ ਗਿਆ, ਜੋ ਸਾਫ ਸੰਕੇਤ ਦੇ ਰਿਹਾ ਹੈ ਕਿ ਉਸ ਦੇਸ਼ ਵਿੱਚ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ। ਦਿੱਲੀ ਤੋਂ ਰੇਲ ਰਾਹੀਂ ਸੰਗਰੂਰ ਆਏ ਅਤੇ ਸੜਕ ਮਾਰਗ ਰਾਹੀਂ ਮਾਨਸਾ ਦੇ ਪਿੰਡ ਮੂਸੇ ਜਾਣ ਤੋਂ ਪਹਿਲਾਂ ਲਾਲਪੁਰਾ ਨੇ ਦੱਸਿਆ ਕਿ ਉਹ ਛੇ ਘੱਟ ਗਿਣਤੀ ਵਰਗਾਂ, ਜਿਨ੍ਹਾਂ ਵਿੱਚ ਸਿੱਖਾਂ ਤੋਂ ਇਲਾਵਾ ਜੈਨੀ, ਬੋਧੀ, ਮੁਸਲਮਾਨ, ਇਸਾਈ ਅਤੇ ਪਾਰਸੀ ਸ਼ਾਮਲ ਹਨ, ਦੀ ਨੁਮਾਇੰਦਗੀ ਕਰਦੇ ਹਨ। ਭਾਰਤ ਵਿੱਚ ਪਾਰਸੀਆਂ ਦੀ ਘਟਦੀ ਗਿਣਤੀ ਪ੍ਰਤੀ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਇਸ ਵਰਗ ਦਾ ਦੇਸ਼ ਦੀ ਤਰੱਕੀ ਵਿੱਚ ਵੱਡਾ ਹਿੱਸਾ ਰਿਹਾ ਹੈ ਇਸ ਵਰਗ ਨੇ ਜਿੱਥੇ ਜਨਰਲ ਮਾਨਕਸ਼ਾਅ ਵਰਗੇ ਫ਼ੌਜੀ ਜਰਨੈਲ ਦਿੱਤੇ ਹਨ, ਉਥੇ ਇਸ ਵਰਗ ਦੇ ਜੱਜ, ਵਕੀਲ ਤੇ ਇੰਡਸਟਰੀਜ਼ ਵਿੱਚ ਟਾਟਾ ਵਰਗੇ ਘਰਾਣਿਆਂ ਅੰਦਰ ਪਾਰਸੀ ਵਰਗ ਦੀ ਹੋਂਦ ਨੂੰ ਭੁਲਾਇਆ ਨਹੀਂ ਜਾ ਸਕਦਾ ਹੈ। ਉਨ੍ਹਾਂ ਮੰਨਿਆ ਕਿ ਰੈਜਮੈਂਟਾਂ ਵਿੱਚ ਸਿੱਖ ਫੌਜੀ ਜਵਾਨਾਂ ਦੀ ਭਰਤੀ ਹੋ ਰਹੀ ਹੈ, ਪਰ ਅਫਸਰ ਕੇਡਰ ਵਿੱਚ ਸਿੱਖਾਂ ਦੀ ਭਰਤੀ ਮਾਮੂਲੀ ਹੈ।

# ਪੀ ਸੀ ਆਰ ਦੇ ਥਾਣੇਦਾਰ ਨੇ ਖੁਦ ਨੂੰ ਗੋਲੀ ਮਾਰੀ, ਹਾਲਤ ਗੰਭੀਰ

ਅੰਮ੍ਰਿਤਸਰ, 6 ਜੂਨ (ਪੋਸਟ ਬਿਊਰੋ)- ਥਾਣਾ ਛੇਹਰਟਾ ਦੇ ਹੇਠਲੇ ਖੇਤਰ ਜਾਪਾਨੀ ਮਿੱਲ ਦੇ ਵਾਸੀ ਪੀ ਸੀ ਆਰ ਦੇ ਏ ਐਸ ਆਈ ਜਸਵੰਤ ਸਿੰਘ ਨੇ ਡਿਪ੍ਰੈਸ਼ਨ ਵਿੱਚ ਖੁਦ ਨੂੰ ਸਿਰ ਵਿੱਚ ਗੋਲੀ ਮਾਰ ਲਈ ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਹਸਪਤਾਲ ਵਿੱਚ ਦਾਖਲ ਜ਼ਿੰਦਗੀ ਅਤੇ ਮੌਤ ਦੇ ਵਿਚਾਲੇ ਜੂਝ ਰਿਹਾ ਹੈ। ਪਤਾ ਲੱਗਾ ਹੈ ਕਿ ਪੁਲਸ ਕੰਟਰੋਲ ਰੂਮ (ਪੀ ਸੀ ਆਰ) ਦੇ ਥਾਣੇਦਾਰ ਜਸਵੰਤ ਸਿੰਘ ਦੀ ਪਤਨੀ ਦੀ 5-6 ਮਹੀਨੇ ਪਹਿਲਾਂ ਲੰਬੀ ਬੀਮਾਰੀ ਦੇ ਬਾਅਦ ਮੌਤ ਹੋ ਗਈ ਸੀ। ਇਸ ਕਾਰਨਉਹ ਪਿਛਲੇ 3-4 ਮਹੀਨਿਆਂ ਤੋਂ ਲਗਾਤਾਰ ਡਿਪ੍ਰੈਸ਼ਨ ਵਿੱਚ ਸੀ। ਉਸਦੇ ਸਹਿਯੋਗੀ ਪੁਲਸਵਾਲਿਆਂ ਦਾ ਕਹਿਣਾ ਹੈ ਕਿ ਉਸ ਦੇ ਦੋ ਬੱਚੇ ਹਨ ਜੋ ਕੈਨੇਡਾ ਵਿੱਚ ਰਹਿੰਦੇ ਹਨ, ਇਸ ਲਈ ਇਕੱਲੇ ਹੋਣ ਕਾਰਨ ਉਹ ਡਿਪ੍ਰੈਸ਼ਨ ਵਿੱਚ ਚਲਾ ਗਿਆ। ਏ ਐਸ ਆਈ ਜਸਵੰਤ ਕੱਲ੍ਹ ਸਵੇਰੇ ਥਾਣੇ ਤੋਂ ਘਰ ਖਾਣਾ ਖਾਣ ਗਿਆ ਸੀ। ਇਸ ਦੌਰਾਨ ਉਸ ਨੇ ਗੁਰਦੁਆਰਾ ਸਾਹਿਬ ਮੱਥਾ ਟੇਕਿਆ। ਜਦੋਂ ਉਹ ਥਾਣੇ ਵਾਪਸ ਆਇਆ ਤਾਂ ਉਸ ਨੇ ਆਪਣੀ ਕਾਰਬਾਈਨ ਨਾਲ ਖੁਦ ਨੂੰ ਸਿਰ ਵਿੱਚ ਗੋਲੀ ਮਾਰ ਲਈ। ਡਾਕਟਰਾਂ ਦੇ ਅਨੁਸਾਰ ਉਸਦੀ ਹਾਲਤ ਕਾਫ਼ੀ ਗੰਭੀਰ ਹੈ।ਹਸਪਤਾਲ ਵਿੱਚ ਪੁਲਸ ਦੇ ਸੀਨੀਅਰ ਅਧਿਕਾਰੀ ਵੀ ਪਹੁੰਚੇ। ਥਾਣਾ ਛੇਹਟਰਾਂ ਦੇ ਐਸ ਐਚ ਓ ਦਾ ਕਹਿਣਾ ਹੈ ਕਿ ਏ ਐਸ ਆਈ ਜਸਵੰਤ ਸਿੰਘ ਥਾਣੇ ਵਿੱਚ ਆ ਕੇ ਆਪਣੀ ਕਾਰਬਾਈਨ ਰਾਈਫਲ ਨੂੰ ਸਾਫ ਕਰ ਰਿਹਾ ਸੀ। ਇਸ ਦੌਰਾਨ ਗੋਲੀ ਕਿਦਾਂ ਚਲੀ ਹੈ, ਇਸ ਦੀ ਜਾਂਚ ਕੀਤੀ ਜਾ ਰਹੀ ਹੈ।

# ਸਰਕਾਰੀ ਖ਼ਜ਼ਾਨੇ ਨੂੰ ਖੋਰਾ ਲਾਉਣ ਵਾਲੇ ਬੱਸੇ ਅੱਡੇ ਦੇ ਦੋਵੇਂ ਐਡਵਾਂਸ ਬੁੱਕਰ ਨੌਕਰੀ ਤੋਂ ਕੱਢੇ

ਚੰਡੀਗੜ੍ਹ, 6 ਜੂਨ (ਪੋਸਟ ਬਿਊਰੋ)- ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਹੈ ਕਿ ਟਿਕਟ ਮਸ਼ੀਨਾਂ ਰਾਹੀਂ ਧੋਖਾਧੜੀ ਕਰਕੇ ਪੀ ਆਰ ਟੀ ਸੀ ਨੂੰ ਖੋਰਾ ਲਾ ਰਹੇ ਬਠਿੰਡਾ ਕਾਊਂਟਰ ਦੇ ਦੋ ਐਡਵਾਂਸ ਬੁੱਕਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਵਿਭਾਗੀ ਜਾਂਚ ਦੌਰਾਨ ਇਕੱਲੇ ਮਈ ਦੇ ਪਹਿਲੇ ਪੰਜ ਦਿਨਾਂ ਵਿੱਚ ਦੋਵੇਂ ਜਣੇ 3 ਲੱਖ 32 ਹਜ਼ਾਰ 281 ਰੁਪਏ ਦਾ ਚੂਨਾ ਲਾਉਣ ਦੇ ਦੋਸ਼ੀ ਪਾਏ ਗਏ ਸਨ, ਜਿਨ੍ਹਾਂ ਵਿਰੁੱਧ ਬਠਿੰਡਾ ਪੁਲਸ ਨੇ ਪੀ ਆਰ ਟੀ ਸੀ ਦੀਆਂ ਟਿਕਟ ਮਸ਼ੀਨਾਂ ਦੀ ਦੁਰਵਰਤੋਂ ਕਰਨ, ਮਸ਼ੀਨਾਂ ਦੇ ਰਿਕਾਰਡ ਨਾਲ ਛੇੜਛਾੜ ਕਰਨ ਅਤੇ ਸਰਕਾਰੀ ਧਨ ਦੀ ਚੋਰੀ ਕਰਨ ਦੇ ਦੋਸ਼ ਤਹਿਤ ਧਾਰਾ 420 ਅਤੇ 409 ਤਹਿਤ ਮਾਮਲਾ ਦਰਜ ਕੀਤਾ ਹੈ।

ਇਸ ਸੰਬੰਧ ਵਿੱਚ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਐਡਵਾਂਸ ਬੁੱਕਰ ਰਾਮ ਸਿੰਘ ਪਿੰਡ ਭੈਣੀ (ਜ਼ਿਲ੍ਹਾ ਬਠਿੰਡਾ) ਅਤੇ ਸੁਖਪਾਲ ਸਿੰਘ ਪਿੰਡ ਪਥਰਾਲਾ (ਜ਼ਿਲ੍ਹਾ ਬਠਿੰਡਾ) ਪੀ ਆਰ ਟੀ ਸੀ ਵਿੱਚ ਕਮਿਸ਼ਨ ਆਧਾਰ ਉੱਤੇ ਬੱਸਾਂ ਦੀ ਬੁਕਿੰਗ ਕਰਦੇ ਸਨ। ਉਨ੍ਹਾਂ ਦੱਸਿਆ ਕਿ ਪੰਜ ਦਿਨਾਂ ਦੇ ਚੈਕ ਕੀਤੇ ਰਿਕਾਰਡ ਅਨੁਸਾਰ ਕੁੱਲ 3,32,281 ਰੁਪਏ ਦੀਆਂ ਟਿਕਟਾਂ ਦੋਵਾਂ ਬੁੱਕਰਾਂ ਨੇ ਸਵਾਰੀਆਂ ਨੂੰ ਜਾਰੀ ਕੀਤੀਆਂ, ਪਰ ਇਨ੍ਹਾਂ ਦਾ ਬਣਦਾ ਕੈਸ਼ ਬਠਿੰਡਾ ਡਿਪੂ ਵਿੱਚ ਜਮ੍ਹਾਂ ਨਹੀਂ ਕਰਵਾਇਆ। ਉਨ੍ਹਾਂ ਕਿਹਾ ਕਿ ਪੀ ਆਰ ਟੀ ਸੀ ਦੇ ਬਠਿੰਡਾ ਡਿਪੂ ਤੋਂ 1 ਅਪ੍ਰੈਲ2021 ਤੋਂ 20 ਮਈ 2022 ਤਕ ਐਡਵਾਂਸ ਬੁਕਿੰਗ ਦੀ ਜਾਂਚ ਟੀਮਾਂ ਲਾਈਆਂ ਹਨ। ਟਰਾਂਸਪੋਰਟ ਮੰਤਰੀ ਦੇ ਆਦੇਸ਼ਾਂ ਉੱਤੇ ਪੀ ਆਰ ਟੀ ਸੀ ਦੇ ਪਟਿਆਲਾ, ਚੰਡੀਗੜ੍ਹ, ਬਠਿੰਡਾ, ਫ਼ਰੀਦਕੋਟ, ਸੰਗਰੂਰ, ਬਰਨਾਲਾ, ਬੁਢਲਾਡਾ, ਲੁਧਿਆਣਾ ਅਤੇ ਕਪੂਰਥਲਾ ਡਿਪੂਆਂ ਦੇ ਜਨਰਲ ਮੈਨੇਜਰਾਂ ਨੂੰ ਲਿਖਿਆ ਗਿਆ ਹੈ ਕਿ ਐਡਵਾਂਸ ਬੁਕਿੰਗ ਏਜੰਟਾਂ ਵੱਲੋਂ ਪੀ ਆਰ ਟੀ ਸੀ ਦੀਆਂ ਬੱਸਾਂ ਦੀ ਕੀਤੀ ਜਾਂਦੀ ਐਡਵਾਂਸ ਬੁਕਿੰਗ ਦਾ ਮਿਲਾਨ ਹਰ ਮਹੀਨੇ ਦੀ 10 ਤਰੀਕ ਨੂੰ ਕਰਨਾ ਯਕੀਨੀ ਬਣਾਇਆ ਜਾਵੇ।



# ਚੰਨੀ ਵਾਲੀ ਬੱਕਰੀ ਨਵੇਂ ਮਾਲਕ ਨੂੰ ਰਾਸ ਨਾ ਆਈ

ਰੂਪਨਗਰ, 6 ਜੂਨ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਚੋਈ ਗਈ ਬੱਕਰੀ ਉਸ ਦੇ ਨਵੇਂ ਮਾਲਕ ਨੂੰ ਰਾਸ ਨਹੀਂ ਆਈ। ਸਿਹਤ ਵਿਭਾਗ ਤੋਂ ਸਸਪੈਂਡ ਹੋਏ ਪਰਮਜੀਤ ਸਿੰਘ ਨੂੰ ਬੱਕਰੀ ਖਰੀਦਣ ਦੇ ਬਾਅਦ ਪਰਵਾਰਕ ਝਗੜੇ ਵਿੱਚ ਹਵਾਲਾਤ ਜਾਣਾ ਪਿਆ

*** ਡੀ ਸੀ ਦੇ ਜਾਅਲੀ ਦਸਤਖਤ ਕਰਨ ਦੇ ਦੋਸ਼ ਹੇਠ ਗ੍ਰਿਫਤਾਰ**

ਫਿਰ ਡੀ ਸੀ ਰੂਪਨਗਰ ਦੇ ਜਾਅਲੀ ਦਸਤਖਤ ਕਰ ਕੇ ਇੱਕ ਲੜਕੀ ਨੂੰ ਨੌਕਰੀ ਦਿਵਾਉਣ ਦਾ ਯਤਨ ਕਰਨ ਦੇ ਦੋਸ਼ ਹੇਠ ਕੇਸ ਦਰਜ ਹੋ ਗਿਆ ਹੈ।



ਮੁੱਖ ਅਫਸਰ ਥਾਣਾ ਸਿਟੀ ਰੂਪਨਗਰ ਨੇ ਦੱਸਿਆ ਕਿ ਮਨਪ੍ਰੀਤ ਕੌਰ ਨਾਂਅ ਦੀ ਔਰਤ ਆਊਟਸੋਰਸ ਕਲਰਕ ਰੂਪਨਗਰ ਵਜੋਂ ਡੀ ਸੀ ਦਫਤਰ ਵਿੱਚ ਕੰਮ ਕਰਦੀ ਸੀ, ਜਿਸ ਦੀਆਂ ਸੇਵਾਵਾਂ ਵਿਧਾਨ ਸਭਾ ਚੋਣਾਂ ਦੌਰਾਨ ਸਮਾਪਤ ਕਰ ਦਿੱਤੀਆਂ ਗਈਆਂ ਸਨ। ਉਹ ਜਦੋਂ ਆਪਣੀ ਨੌਕਰੀ ਦੀ ਬਹਾਲੀ ਲਈ ਰੂਪਨਗਰ ਦੇ ਡੀ ਸੀ ਦਫਤਰ ਗਈ ਤਾਂ ਉਸ ਦੀ ਮੁਲਾਕਾਤ ਦੋਸ਼ੀ ਪਰਮਜੀਤ ਸਿੰਘ ਵਾਸੀ ਫਿਰੋਜ਼ਪੁਰ ਥਾਣਾ ਸ੍ਰੀ ਚਮਕੌਰ ਸਾਹਿਬ ਨਾਲ ਹੋਈ, ਜਿਸ ਨੇ ਉਸ ਨੂੰ ਨੌਕਰੀ ਉਤੇ ਬਹਾਲ ਕਰਾਉਣ ਦਾ ਭਰੋਸਾ ਦਿੱਤਾ ਅਤੇ ਪਹਿਲੀ ਜੂਨ ਨੂੰ ਆ ਕੇ ਨੌਕਰੀ ਉੱਤੇ ਬਹਾਲੀ ਦੇ ਹੁਕਮ ਲੈਣ ਨੂੰ ਕਿਹਾ। ਉਨ੍ਹਾਂ ਦੱਸਿਆ ਕਿ ਪਹਿਲੀ ਜੂਨ ਨੂੰ ਦੋਸ਼ੀ ਨੇ ਮਨਪ੍ਰੀਤ ਕੌਰ ਨੂੰ ਉਸ ਦੀ ਨੌਕਰੀ ਬਹਾਲ ਕਰਨ ਉਪਰੰਤ ਐਸ ਡੀ ਐਮ ਦਫਤਰ ਸ੍ਰੀ ਆਨੰਦਪੁਰ ਸਾਹਿਬ ਦੀ ਬਦਲੀ ਦਾ ਪੱਤਰ ਦੇ ਦਿੱਤਾ। ਮਨਪ੍ਰੀਤ ਕੌਰ ਸ੍ਰੀ ਆਨੰਦਪੁਰ ਸਾਹਿਬ ਦੇ ਐਸ ਡੀ ਐਮ ਦਫਤਰ ਪੁੱਜੀ ਤਾਂ ਸੁਪਰਡੈਂਟ ਅਮਰੀਕ ਸਿੰਘ ਨੂੰ ਨਿਯੁਕਤੀ ਪੱਤਰ ਉੱਤੇ ਸ਼ੱਕ ਹੋਇਆ। ਉਨ੍ਹਾਂ ਡੀ ਸੀ ਦਫਤਰ ਤੋਂ ਪੁੱਛਿਆ ਤਾਂ ਪੱਤਰ ਜਾਅਲੀ ਨਿਕਲਿਆ। ਇਸ ਮਗਰੋਂ ਮਨਪ੍ਰੀਤ ਕੌਰ ਦੀ ਸ਼ਿਕਾਇਤ ਉੱਤੇਦੋਸ਼ੀ ਪਰਮਜੀਤ ਸਿੰਘ ਬਾਰੇ ਥਾਣਾ ਸਿਟੀ ਰੂਪਨਗਰ ਵਿੱਚ ਤਿੰਨ ਜੂਨ ਨੂੰ ਧੋਖਾਧੜੀ ਦਾ ਕੇਸ ਦਰਜ ਕੀਤਾ ਸੀ। ਪੁਲਸ ਨੇ ਕੱਲ੍ਹ ਉਸ ਨੂੰ ਖਰੜ ਤੋਂ ਕਾਬੂ ਕਰ ਕੇ ਰੂਪਨਗਰ ਦੀ ਅਦਾਲਤ ਵਿੱਚ ਪੇਸ਼ ਕੀਤਾ, ਜਿਸ ਮਗਰੋਂ ਅਦਾਲਤ ਨੇ ਉਸ ਨੂੰ ਰਿਮਾਂਡ ਉੱਤੇ ਭੇਜ ਦਿੱਤਾ ਹੈ।

ਵਰਨਣ ਯੋਗ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਜੜੀ ਦੇ ਕੋਲ ਕਾਫਲਾ ਰੋਕ ਕੇ ਇੱਕ ਬੱਕਰੀ ਚੋਈ ਸੀ, ਜਿਸ ਮਗਰੋਂ ਇਹ ਬੱਕਰੀ ਚਰਚਾ ਵਿੱਚ ਆ ਗਈ ਸੀ। ਚੋਣਾਂ ਮਗਰੋਂ ਇਸ ਬੱਕਰੀ ਨੂੰ ਵਿਧਾਨ ਸਭਾ ਹਲਕਾ ਚਮਕੌਰ ਸਾਹਿਬ ਨਾਲ ਸਬੰਧਤ ਪਰਮਜੀਤ ਸਿੰਘ ਨੇ ਖਰੀਦ ਲਿਆ ਸੀ।

Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ
ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU

You only pay upon settlement

647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ
ਤੋਂ ਅੱਕ ਚੁੱਕੇ ਹੋ?



BOOK YOUR
FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION



# ਯਾਤਰੀਆਂ ਨਾਲ ਭਰੀ ਬੱਸ ਨਦੀ ਵਿੱਚ ਡਿੱਗੀ, 9 ਮੌਤਾਂ



ਨੇਪਾਲ, 6 ਜੂਨ (ਪੋਸਟ ਬਿਊਰੋ)- ਨੇਪਾਲ ਦੇ ਰੂਪਾਂਦੇਹੀ ਜ਼ਿਲ੍ਹੇ ਵਿੱਚ ਭੈਰਹਾਵਨ-ਪਾਰਸੀ ਮਾਰਗ ਉੱਤੇ ਯਾਤਰੀਆਂ ਨਾਲ ਭਰੀ ਬੱਸ ਰੋਹਿਣੀ ਨਦੀ ਵਿੱਚ ਡਿੱਗ ਗਈ। ਇਸ ਘਟਨਾ ਵਿੱਚ 9 ਯਾਤਰੀਆਂ ਦੀ ਮੌਤ ਹੋ ਗਈ, ਜਦਕਿ 23 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀ ਯਾਤਰੀਆਂ ਦਾ ਭੈਰਹਵਾਂ ਮੈਡੀਕਲ ਕਾਲਜ ਵਿਖੇ ਇਲਾਜ ਚੱਲ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰੇ ਕਰੀਬ 4.30 ਵਜੇ ਜਨਕਪੁਰ ਤੋਂ ਭੈਰਹਵਾਂ ਵੱਲ ਆ ਰਹੀ ਬੱਸ ਰੋਹਿਣੀ ਪੁਲ ਦੀ ਰੇਲਿੰਗ ਤੋੜ ਕੇ ਨਦੀ ਵਿੱਚ ਜਾ ਡਿੱਗੀ। ਸੂਚਨਾ ਮਿਲਦੇ ਹੀ ਓਥੇ ਪਹੁੰਚੇ ਪੁਲਸ ਮੁਲਾਜ਼ਮਾਂ ਨੇ ਕਿਸੇ ਤਰ੍ਹਾਂ ਬੱਸ ਵਿਚਲੇ ਯਾਤਰੀਆਂ ਨੂੰ ਕੱਢ ਕੇ ਇਲਾਜ ਲਈ ਹਸਪਤਾਲ ਪਹੁੰਚਾਇਆ। ਹਸਪਤਾਲ ਵਿੱਚ ਇਲਾਜ ਦੌਰਾਨ 9 ਯਾਤਰੀਆਂ ਦੀ ਮੌਤ ਹੋ ਗਈ ਜਦਕਿ 23 ਹੋਰ ਯਾਤਰੀ ਜ਼ਖ਼ਮੀ ਹਨ। ਮ੍ਰਿਤਕਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਬੰਗਲਾ ਦੇਸ਼ ਦੇ ਕੈਮੀਕਲ ਡਿਪੂ ਵਿੱਚ ਅੱਗ ਲੱਗਣ ਨਾਲ 49 ਮੌਤਾਂ

*** 450 ਤੋਂ ਵੱਧ ਲੋਕ ਜ਼ਖਮੀ, ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖਦਸ਼ਾ**





ਢਾਕਾ, 6 ਜੂਨ (ਪੋਸਟ ਬਿਊਰੋ)- ਦੱਖਣ ਪੂਰਬੀ ਬੰਗਲਾ ਦੇਸ਼ ਵਿੱਚ ਨਿੱਜੀ ਕੈਮੀਕਲ ਕੰਟੇਨਰ ਡਿਪੂ ਵਿੱਚ ਕੱਲ੍ਹ ਰਾਤ ਧਮਾਕੇ ਮਗਰੋਂ ਲੱਗੀ ਅੱਗ ਵਿੱਚ ਘੱਟੋ-ਘੱਟ 49 ਵਿਅਕਤੀ ਮਾਰੇ ਗਏ ਅਤੇ 450 ਤੋਂ ਵੱਧ ਜ਼ਖਮੀ ਹੋ ਗਏ। ਇਨ੍ਹਾਂ ਵਿੱਚੋਂ ਕਈਆਂ ਦੀ ਹਾਲਤ ਗੰਭੀਰ ਹੋਣ ਕਰ ਕੇ ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ।

ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਹਾਦਸੇ ਵਿੱਚ ਮੌਤਾਂ ਉੱਤੇ ਦੁੱਖ ਪ੍ਰਗਟ ਕਰਦਿਆਂ ਜ਼ਖਮੀਆਂ ਨੂੰ ਫੌਰੀ ਇਲਾਜ ਤੇ ਹੋਰ ਲੋੜੀਂਦੀਆਂ ਸਹੂਲਤਾਂ ਦੇਣ ਦੇ ਹੁਕਮ ਦਿੱਤੇ ਹਨ। ਹਾਦਸੇ ਦੀ ਜਾਂਚ ਲਈ ਉਚ ਪੱਧਰੀ ਜਾਂਚ ਕਮੇਟੀ ਬਣਾਈ ਗਈ ਹੈ, ਜਿਸ ਨੂੰ ਅਗਲੇ ਤਿੰਨ ਦਿਨਾਂ ਵਿੱਚ ਰਿਪੋਰਟ ਸੌਂਪਣ ਲਈ ਕਿਹਾ ਗਿਆ ਹੈ।

ਚਿਟਾਗਾਂਗ ਜ਼ਿਲੇ ਦੇ ਸੀਤਾਕੁੰਡਾ ਉਪ ਜ਼ਿਲ੍ਹੇ ਦੇ ਕਾਦਮ-ਰਾਸੂਲ ਇਲਾਕੇ ਵਿੱਚ ਬੀ ਐਮ ਕੰਟੇਨਰ ਡਿਪੂ ਵਿੱਚ ਅੱਗ ਸ਼ਨੀਵਾਰ ਰਾਤ ਨੂੰ ਲੱਗੀ ਸੀ। ਢਾਕਾ ਟ੍ਰਿਬਿਊਨ ਨੇ ਸੀਨੀਅਰ ਅਧਿਕਾਰੀ ਸ਼ਹਾਦਤ ਹੁਸੈਨ ਦੇ ਹਵਾਲੇ ਨਾਲ ਕਿਹਾ, ''ਅਜੇ ਤਕ ਮੁਰਦਾਘਰ ਵਿੱਚ 49 ਲਾਸ਼ਾਂ ਲਿਆਂਦੀਆਂ ਗਈਆਂ ਹਨ।'' ਰੈਡ ਕ੍ਰਿਸੈਂਟ ਯੂਥ ਚਿਟਾਗਾਂਗ ਵਿੱਚ ਸਿਹਤ ਅਤੇ ਸੇਵਾ ਵਿਭਾਗ ਦੇ ਮੁਖੀ ਨੇ ਕਿਹਾ, ''ਇਸ ਹਾਦਸੇ ਵਿੱਚ 450 ਤੋਂ ਵੱਧ ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਘੱਟੋ-ਘੱਟ 350 ਜਣੇ ਸਰਕਾਰੀ ਚੱਟਾਗ੍ਰਾਮ ਮੈਡੀਕਲ ਕਾਲਜ ਹਸਪਤਾਲ ਵਿੱਚ ਦਾਖਲ ਹਨ।''

ਕੰਟੇਨਰ ਡਿਪੂ ਵਿੱਚ ਅੱਗ ਰਾਤ 9 ਵਜੇ ਦੇ ਕਰੀਬ ਲੱਗੀ। ਪਹਿਲਾਂ ਧਮਾਕਾ ਹੋਇਆ ਅਤੇ ਅੱਗ ਪੂਰੇ ਡਿਪੂ ਵਿੱਚ ਫੈਲ ਗਈ। ਸ਼ੁਰੂ ਦੀ ਜਾਂਚ ਵਿੱਚ ਲੱਗਦਾ ਸੀ ਕਿ ਕੈਮੀਕਲ ਕਾਰਨ ਕੰਟੇਨਰ ਡਿਪੂ ਨੂੰ ਅੱਗ ਲੱਗੀ। ਰਾਤ 11.45 ਵਜੇ ਦੇ ਕਰੀਬ ਵੱਡਾ ਧਮਾਕਾ ਹੋਇਆ ਤੇ ਅੱਗ ਇੱਕ ਤੋਂ ਦੂਜੇ ਕੰਟੇਨਰ ਵਿੱਚ ਫੈਲਦੀ ਗਈ ਕਿਉਂਕਿ ਉਥੇ ਇੱਕ ਕੰਟੇਨਰ ਵਿੱਚ ਵੱਡੀ ਮਾਤਰਾ ਵਿੱਚ ਕੈਮੀਕਲ ਪਿਆ ਸੀ। ਰਿਪੋਰਟ ਮੁਤਾਬਕ ਧਮਾਕੇ ਕਾਰਨ ਡਿਪੂ ਨੇੜਲੇ ਘਰਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਤਿੜਕ ਗਏ। ਮੀਡੀਆ ਰਿਪੋਰਟਾਂ ਅਤੇ ਟੀ ਵੀ ਫੁਟੇਜ ਮੁਤਾਬਕ ਧਮਾਕੇ ਦਾ ਅਸਰ ਚਾਰ ਕਿਲੋਮੀਟਰ ਤਕ ਮਹਿਸੂਸ ਕੀਤਾ ਗਿਆ। ਫਾਇਰ ਸੇਵਾ ਦੇ ਮੁਖੀ ਬ੍ਰਿਗੇਡੀਅਰ ਜਨਰਲ ਮੁਹੰਮਦ ਮੈਨਉਦੀਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਡਿਪੂ ਵਿੱਚ ਹਾਈਡਰੋਜਨ ਪੈਰੋਕਸਾਈਡ ਸਣੇ ਕਈ ਤਰ੍ਹਾਂ ਦੇ ਕੈਮੀਕਲ ਮੌਜੂਦ ਸਨ। ਬੀ ਐਨ ਕੰਟੇਨਰ ਡਿਪੂ ਦੇ ਡਾਇਰੈਕਟਰ ਨੇ ਕਿਹਾ, ''ਜ਼ਖਮੀਆਂ ਲਈ ਬਿਹਤਰੀਨ ਇਲਾਜ ਯਕੀਨੀ ਕੀਤਾ ਗਿਆ ਹੈ ਤੇ ਸਾਰਾ ਖਰਚਾ ਸਾਡੇ ਵੱਲੋਂ ਕੀਤਾ ਜਾਵੇਗਾ। ਜ਼ਖਮੀਆਂ ਨੂੰ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇਗਾ।''

**ਪੈਗੰਬਰ ਖਿਲਾਫ ਟਿੱਪਣੀਆਂ ਦਾ ਮਾਮਲਾ:**

# ਭਾਜਪਾ ਵੱਲੋਂ ਪਾਰਟੀ ਦੀ ਬੁਲਾਰਾ ਨੂਪੁਰ ਸ਼ਰਮਾ ਸਸਪੈਂਡ

*** ਦਿੱਲੀ ਦਾ ਮੀਡੀਆ ਇੰਚਾਰਜ ਨਵੀਨ ਜਿੰਦਲ ਵੀ ਪਾਰਟੀ ਤੋਂ ਕੱਢਿਆ**

ਨਵੀਂ ਦਿੱਲੀ, 6 ਜੂਨ (ਪੋਸਟ ਬਿਊਰੋ)- ਪੈਗੰਬਰ ਮੁਹੰਮਦ ਦੇ ਖਿਲਾਫ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਦੋਸ਼ ਲੱਗਣ ਪਿੱਛੋਂ ਭਾਜਪਾ ਨੇ ਕੌਮੀ ਬੁਲਾਰਾ ਨੂਪੁਰ ਸ਼ਰਮਾ ਨੂੰ ਪਾਰਟੀਤੋਂ ਸਸਪੈਂਡ ਕਰ ਦਿੱਤਾ ਹੈ। ਨੂਪੁਰ ਦੀਆਂ ਟਿੱਪਣੀਆਂ ਕਾਰਨ ਮੁਸਲਿਮ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤੇ ਗਏ ਅਤੇ ਕਾਨਪੁਰ ਵਿੱਚ ਦੰਗੇ ਵੀ ਭੜਕੇ ਸਨ।

ਇਸ ਪਿੱਛੋਂ ਭਾਰਤੀ ਜਨਤਾ ਪਾਰਟੀ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਨੇ ਨੂਪੁਰ ਸ਼ਰਮਾ ਨੂੰ ਸਖਤ ਸੁਨੇਹਾ ਦਿੰਦਿਆਂ ਕਿਹਾ ਕਿ ਉਸ ਵੱਲੋਂ ਪ੍ਰਗਟਾਏ ਵਿਚਾਰ ਪਾਰਟੀ ਤੋਂ ਵੱਖਰੇ ਅਤੇਪਾਰਟੀ ਸੰਵਿਧਾਨ ਦੀ ਸਪੱਸ਼ਟ ਉਲੰਘਣਾ ਹਨ। ਉਸ ਦੇ ਖਿਲਾਫ ਜਾਂਚ ਸ਼ੁਰੂ ਕੀਤੀ ਗਈ ਅਤੇ ਉਸ ਨੂੰ ਸਸਪੈਂਡ ਕਰ ਕੇ ਪਾਰਟੀ ਦੀਆਂ ਸਭ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਗਿਆ ਹੈ। ਇਸ ਪਿੱਛੋਂ ਨੂਪੁਰ ਸ਼ਰਮਾ ਨੇ ਸਪੱਸ਼ਟੀਕਰਨ ਜਾਰੀ ਕੀਤਾ ਹੈ ਕਿ ਉਸ ਦਾ ਇਰਾਦਾ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਲਾਉਣ ਦਾ ਨਹੀਂ ਸੀ, ਪਰ ਟੀ ਵੀ ਉੱਤੇ ਚਰਚਾ ਦੌਰਾਨ ਜਦੋਂ 'ਮਹਾਦੇਵ' ਦਾ ਲਗਾਤਾਰ ਅਪਮਾਨ ਕੀਤਾ ਗਿਆ ਤਾਂ ਉਹ ਇਸ ਨੂੰ ਸਹਿਣ ਨਹੀਂ ਕਰ ਸਕੀ ਤੇ ਇਸ ਦੇ ਜਵਾਬ ਵਿੱਚ ਕੁਝ ਗੱਲਾਂ ਕਹੀਆਂ ਸਨ। ਉਸ ਨੇ ਕਿਹਾ ਕਿ ਜੇ ਉਸ ਦੇ ਬਿਆਨ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਲੱਗੀ ਹੈ ਤਾਂ ਉਹ ਬਿਨਾਂ ਸ਼ਰਤ ਵਾਪਸ ਲੈਂਦੀ ਹੈ। ਇਸ ਤੋਂ ਪਹਿਲਾਂ ਨੂਪੁਰ ਤੇ ਨਵੀਨ ਕੁਮਾਰ ਜਿੰਦਲ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਅਤੇ ਪਰਵਾਰਕ ਮੈਂਬਰਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਸੋਸ਼ਲ ਮੀਡੀਆ ਉੱਤੇ ਮਿਲ ਰਹੀਆਂ ਹਨ ਅਤੇ ਮੀਡੀਆ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਦੇ ਪਤੇ ਜਨਤਕ ਨਾ ਕਰਨ।

ਦੂਸਰੇ ਪਾਸੇ ਭਾਜਪਾ ਨੇ ਦਿੱਲੀ ਮੀਡੀਆ ਦੇ ਮੁਖੀ ਨਵੀਨ ਕੁਮਾਰ ਜਿੰਦਲ ਨੂੰ ਪਾਰਟੀਤੋਂ ਕੱਢ ਦਿੱਤਾ ਤੇ ਕਿਹਾ ਹੈ ਕਿ ਸੋਸ਼ਲ ਮੀਡੀਆ ਉੱਤੇਉਸ ਦੇ ਵਿਚਾਰਾਂ ਨਾਲ ਫਿਰਕੂ ਸਦਭਾਵਨਾ ਦਾ ਮਾਹੌਲ ਵਿਗੜ ਰਿਹਾ ਸੀ ਅਤੇ ਇਹ ਧਾਰਮਿਕ ਆਜ਼ਾਦੀ ਦੇ ਬੁਨਿਆਦੀ ਹੱਕਾਂ ਦੀ ਉਲੰਘਣਾ ਹੈ। ਭਾਜਪਾ ਦੀ ਦਿੱਲੀ ਇਕਾਈ ਦੇ ਪ੍ਰਧਾਨ ਆਦੇਸ਼ ਗੁਪਤਾ ਨੇ ਜਿੰਦਲ ਦੀ ਮੁੱਢਲੀ ਮੈਂਬਰਸ਼ਿਪ ਫੌਰੀ ਖਤਮ ਕਰ ਦਿੱਤੀ। ਇਸ ਦੌਰਾਨ ਜਿੰਦਲ ਨੇ ਕਿਹਾ ਕਿ ਉਸ ਦਾ ਇਰਾਦਾ ਕਿਸੇ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ ਦਾ ਨਹੀਂ ਸੀ। ਉਸ ਨੇ ਵੀ ਪੈਗੰਬਰ ਮੁਹੰਮਦ ਬਾਰੇ ਪਹਿਲੀ ਜੂਨ ਨੂੰ ਟਵੀਟ ਕੀਤਾ ਤੇ ਕਿਹਾ ਸੀ ਕਿ ਉਸ ਨੇ ਹਿੰਦੂ ਦੇਵਤਿਆਂ ਦਾ ਅਪਮਾਨ ਅਤੇ ਹਮਲਾ ਕਰਨ ਵਾਲਿਆਂਨੂੰ ਸਵਾਲ ਉਠਾਏ ਸਨ।

ਇਸ ਦੌਾਨ ਨੈਸ਼ਨਲ ਕਾਨਫਰੰਸ ਦੇ ਮੀਤ ਪ੍ਰਧਾਨ ਉਮਰ ਅਬਦੁੱਲਾ ਨੇ ਕਿਹਾ ਹੈ ਕਿ ਭਾਜਪਾ ਕਿਸੇ ਵੀ ਧਾਰਮਿਕ ਹਸਤੀ ਦੇ ਅਪਮਾਨ ਦੀ ਨਿੰਦਾ ਸਿਰਫ ਕੌਮਾਂਤਰੀ ਭਾਈਚਾਰੇ ਨੂੰ ਦਿਖਾਉਣ ਲਈ ਕਰਦੀ ਹੈ। ਉਮਰ ਅਬਦੁੱਲਾ ਨੇ ਕਿਹਾ ਕਿ ਇਸ ਬਾਰੇ ਅਰਬ ਮੁਲਕਾਂ ਦੇ ਪ੍ਰਤੀਕਰਮ ਤੋਂ ਡਰ ਕੇ ਉਨ੍ਹਾਂ ਨੇ ਆਪਣੇ ਆਗੂਆਂ ਉਤੇ ਕਾਰਵਾਈ ਕੀਤੀ ਹੈ।

# ਹਰਭਜਨ ਨੇ ਚੌਦਾਂ ਸਾਲ ਪਹਿਲਾਂ ਮਾਰੇ ਥੱਪੜ ਲਈ ਸ੍ਰੀਸੰਥ ਤੋਂ ਮੁਆਫੀ ਮੰਗੀ




ਨਵੀਂ ਦਿੱਲੀ, 6 ਜੂਨ (ਪੋਸਟ ਬਿਊਰੋ)- ਸਾਬਕਾ ਭਾਰਤੀ ਕ੍ਰਿਕਟਰ ਹਰਭਜਨ ਸਿੰਘ ਨੇ ਸਾਲ 2008 ਵਿੱਚ ਕ੍ਰਿਕਟ ਦੇ ਆਈ ਪੀ ਐਲ ਦੇ ਪਹਿਲੇ ਸੀਜ਼ਨ ਵੇਲੇ ਥੱਪੜ ਵਾਲੀ ਘਟਨਾ ਲਈ ਐਸ ਸ੍ਰੀਸੰਥ ਤੋਂ ਮੁਆਫੀ ਮੰਗੀ ਹੈ।

ਮਿਲੀ ਜਾਣਕਾਰੀ ਅਨੁਸਾਰ ਹਰਭਜਨ ਸਿੰਘ ਕਿੰਗਜ਼ ਇਲੈਵਨ ਪੰਜਾਬ (ਪੰਜਾਬ ਕਿੰਗਜ਼) ਦੇ ਖਿਲਾਫ ਮੁਕਾਬਲੇ ਵਿੱਚ ਮੁੰਬਈ ਇੰਡੀਅਨਜ਼ ਦੀ ਕਪਤਾਨੀ ਕਰ ਰਿਹਾ ਸੀ ਤਾਂ ਪੰਜਾਬ ਟੀਮ ਦੇ ਗੇਂਦਬਾਜ਼ ਸ੍ਰੀਸੰਥ ਨੇ ਮੁੰਬਈ ਇੰਡੀਅਨਜ਼ ਦੇ ਬੱਲੇਬਾਜ਼ ਦੀ ਵਿਕਟ ਲੈਣ ਮਗਰੋਂ ਜਿਸ ਤਰ੍ਹਾਂ ਖੁਸ਼ੀ ਮਨਾਈ, ਉਸ ਤੋਂ ਹਰਭਜਨ ਸਿੰਘ ਭੜਕ ਗਿਆ ਤੇ ਮੁਕਾਬਲੇ ਦੇ ਅੰਤ ਵਿੱਚ ਉਸ ਨੇ ਸ੍ਰੀਸੰਥ ਦੇ ਥੱਪੜ ਮਾਰ ਦਿੱਤਾ ਸੀ। ਮੋਹਾਲੀ ਵਿੱਚ ਹੋਇਆ ਇਹ ਮੈਚ ਪੰਜਾਬ ਨੇ 68 ਦੌੜਾਂ ਨਾਲ ਜਿੱਤ ਲਿਆ ਸੀ। ਕੱਲ੍ਹ ਵਿਕਰਮ ਸਾਠੇ ਦੇ ਸ਼ੋਅ 'ਗਲਾਸ ਲਾਈਵ ਫੈਸਟ' ਵਿੱਚ ਹਰਭਜਨ ਸਿੰਘ, ਸ੍ਰੀਸੰਤ ਨਾਲ ਵੀਡੀਓ ਕਾਲ ਵਿੱਚ ਸ਼ਾਮਲ ਹੋਇਆ ਅਤੇ ਕਿਹਾ ਕਿ ਉਹ (ਹਰਭਜਨ) ਇਸ ਘਟਨਾ ਲਈ ਸ਼ਰਮਿੰਦਾ ਹੈ। ਉਸ ਨੇ ਕਿਹਾ, ''ਜੋ ਵੀ ਹੋਇਆ, ਉਹ ਗਲਤ ਸੀ। ਮੈਂ ਗਲਤੀ ਕੀਤੀ। ਮੇਰੇ ਕਰ ਕੇ ਟੀਮ ਦੇ ਮੈਂਬਰਾਂ ਨੂੰ ਸ਼ਰਮਿੰਦਗੀ ਝੱਲਣੀ ਪਈ। ਮੈਂ ਸ਼ਰਮਿੰਦਾ ਸੀ। ਜੇ ਮੈਂ ਕੋਈ ਇੱਕ ਗਲਤੀ ਸੁਧਾਰਨਾ ਚਾਹਾਂ ਤਾਂ ਉਹ ਸ੍ਰੀਸੰਥ ਨਾਲ ਮੈਦਾਨ ਵਿੱਚ ਕੀਤਾ ਦੁਰ ਵਿਹਾਰ ਹੈ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਸੀ। ਜਦੋਂ ਮੈਂ ਇਸ ਬਾਰੇ ਸੋਚਦਾ ਹਾਂ ਤਾਂ ਲੱਗਦਾ ਹੈ ਕਿ ਇਸ ਦੀ ਕੋਈ ਜ਼ਰੂਰਤ ਨਹੀਂ ਸੀ।''

# ਬੰਦੂਕਧਾਰੀਆਂ ਵੱਲੋਂ ਭੀੜ ਉੱਤੇ ਗੋਲੀਬਾਰੀ ਨਾਲ ਤਿੰਨ ਮੌਤਾਂ



ਫਿਲਾਡੇਲਫੀਆ, 6 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਫਿਲਾਡੇਲਫੀਆ ਵਿੱਚ ਕੱਲ੍ਹ ਰਾਤ ਇੱਕ ਬੰਦੂਕਧਾਰੀ ਨੇ ਭੀੜ ਉੱਤੇ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਵਿੱਚ ਘੱਟੋ-ਘੱਟ ਤਿੰਨ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ 14 ਤੋਂ ਵੱਧ ਲੋਕ ਜ਼ਖਮੀ ਦੱਸੇ ਜਾ ਰਹੇ ਹਨ।ਮੀਡੀਆ ਮੁਤਾਬਕ ਇਹ ਘਟਨਾ ਅੱਧੀ ਰਾਤ ਤੋਂ ਬਾਅਦ ਵਾਪਰੀ।

ਦੱਸਿਆ ਜਾ ਰਿਹਾ ਹੈ ਕਿ ਇਸ ਵਾਰਦਾਤ ਵਿੱਚ ਕਈ ਗੰਨਮੈਨ ਸ਼ਾਮਲ ਸਨ। ਰਿਪੋਰਟ ਮੁਤਾਬਕ ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਸ਼ੱਕੀ ਬੰਦਾ ਵੀ ਮਾਰਿਆ ਗਿਆ ਜਾਂ ਨਹੀਂ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ ਪਰ ਇੱਕ ਹਥਿਆਰ ਮਿਲਿਆ ਹੈ। ਪੂਰੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ। ਪੁਲਸ ਨੇ ਦੱਸਿਆ ਕਿ ਦੋਸ਼ੀਆਂ ਦੀ ਤਲਾਸ਼ ਸਵੇਰ ਤਕ ਜਾਰੀ ਰਹੀ। ਇੱਕ ਨਿਸ਼ਾਨੇਬਾਜ਼ ਨੂੰ ਅਮਰੀਕਨ ਸਟਰੀਟ ਉੱਤੇ ਦੱਖਣ ਵੱਲ ਭੱਜਦੇ ਦੇਖਿਆ ਗਿਆ। ਪੁਲਸ ਮੁਤਾਬਕ ਘਟਨਾ ਸਥਾਨ ਤੋਂ ਦੋ ਬੰਦੂਕਾਂ ਮਿਲੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਵਿੱਚ ਮੈਗਜ਼ੀਨ ਸੀ। ਅਧਿਕਾਰੀਆਂ ਨੇ ਸਾਊਥ ਸਟ੍ਰੀਟ ਉੱਤੇ ਦੂਜੀ ਅਤੇ ਪੰਜਵੀਂ ਸਟ੍ਰੀਟ ਦੇ ਵਿਚਕਾਰ ਦੇ ਖੇਤਰ ਨੂੰ ਰਾਤ ਭਰ ਬੰਦ ਕਰ ਦਿੱਤਾ।ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਇੱਕ 25 ਸਾਲਾ ਔਰਤ ਤੇ ਇੱਕ 22 ਸਾਲਾ ਵਿਅਕਤੀ ਸ਼ਾਮਲ ਹਨ। ਸੱਤ ਜ਼ਖ਼ਮੀਆਂ ਨੂੰ ਥਾਮਸ ਜੇਫਰਸਨ ਹਸਪਤਾਲ ਲਿਜਾਇਆ ਗਿਆ ਹੈ। ਸ਼ੱਕੀ ਸਮੇਤ ਪੰਜ ਹੋਰਾਂ ਨੂੰ ਪੈਨਸਿਲਵੇਨੀਆ ਦੇ ਹਸਪਤਾਲ ਅਤੇ ਤਿੰਨ ਪੀੜਤਾਂ ਨੂੰ ਪੇਨ ਪ੍ਰੈਸਬੀਟੇਰੀਅਨ ਮੈਡੀਕਲ ਸੈਂਟਰ ਲਿਜਾਇਆ ਗਿਆ।ਅਮਰੀਕਾ ਵਿੱਚਪਿਛਲੇ ਦਿਨਾਂ ਵਿੱਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। 25 ਮਈ ਨੂੰ ਟੈਕਸਾਸ ਦੇ ਇੱਕ ਸਕੂਲ ਵਿੱਚ ਗੋਲੀਬਾਰੀ ਵਿੱਚ 19 ਵਿਦਿਆਰਥੀਆਂ ਸਮੇਤ 23 ਲੋਕਾਂ ਦੀ ਮੌਤ ਹੋ ਗਈ ਸੀ।

## ਚੀਨ ਨੇ ਦੱਖਣੀ ਚੀਨ ਸਾਗਰ ਉੱਤੇ ਆਸਟ੍ਰੇਲੀਅਨ ਜਹਾਜ਼ ਲਈ ਖਤਰਾ ਪੈਦਾ ਕੀਤਾ

ਬੀਜਿੰਗ, 6 ਜੂਨ (ਪੋਸਟ ਬਿਊਰੋ)- ਆਸਟ੍ਰੇਲੀਆ ਨੇ ਕੱਲ੍ਹ ਕਿਹਾ ਕਿ ਦੱਖਣੀ ਚੀਨ ਸਾਗਰ (ਐਸ ਸੀ ਐਸ) ਦੇ ਉਪਰ ਉਸ ਦੇ ਇੱਕ ਸਮੁੰਦਰੀ ਨਿਗਰਾਨੀ ਜਹਾਜ਼ ਦੀ ਸੁਰੱਖਿਆ ਨੂੰ ਚੀਨੀ ਜੰਗੀ ਜਹਾਜ਼ ਦੀ ਖਤਰਨਾਕ ਕਲਾਬਾਜ਼ੀ ਦੇ ਕਾਰਨ ਖਤਰਾ ਪੈਦਾ ਹੋ ਗਿਆ ਸੀ। ਇਸ ਬਾਰੇ ਆਸਟ੍ਰੇਲੀਆਈ ਰੱਖਿਆ ਮੰਤਰਾਲੇ ਨੇ ਆਪਣੀ ਵੈਬਸਾਈਟ ਉੱਤੇ ਜਾਰੀ ਬਿਆਨ ਵਿੱਚ ਕਿਹਾ ਕਿ ਇਹ ਘਟਨਾ ਬੀਤੀ 26 ਮਈ ਦੀ ਹੈ ਜਦੋਂ ਕੌਮਾਂਤਰੀ ਹਵਾਈ ਖੇਤਰ ਵਿੱਚ ਚੀਨੀ ਹਵਾਈ ਫ਼ੌਜ ਦੇ ਜਹਾਜ਼ ਜੇ-16 ਨਿਯਮਿਤ ਗਸ਼ਤ ਉੱਤੇ ਗਏ, ਉਨ੍ਹਾਂ ਨੇ ਉਸ ਦੇ ਸਮੁੰਦਰੀ ਨਿਗਰਾਨੀ ਜਹਾਜ਼ ਪੀ-8ਏ ਪੋਸਾਈਡਨ ਨੂੰ ਖਤਰਨਾਕ ਢੰਗ ਨਾਲ ਪ੍ਰਭਾਵਤ ਕੀਤਾ, ਜਿਸ ਨਾਲ ਵੱਡਾ ਖਤਰਾ ਹੋ ਸਕਦਾ ਸੀ।

ਜਹਾਜ਼ ਨੂੰ ਪ੍ਰਭਾਵਿਤ ਕਰਨ ਦੀ ਇਸ ਕਾਰਵਾਈ ਦਾ ਨਤੀਜਾ ਆਸਮਾਨ ਵਿੱਚ 'ਖਤਰਨਾਕ' ਕਲਾਬਾਜ਼ੀ ਦੇ ਰੂਪ ਵਿੱਚ ਦਿਸਿਆ, ਜਿਸ ਨਾਲ ਪੀ-ਐਸ ਜਹਾਜ਼ ਅਤੇ ਇਸ ਦੀ ਚਾਲਕ ਟੀਮ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੋ ਗਿਆ। ਇਸ ਘਟਨਾ ਉੱਤੇਚੀਨ ਦੀ ਕੋਈ ਅਧਿਕਾਰਤ ਪ੍ਰਤੀਕਿਰਿਆ ਨਹੀਂ ਆਈ।ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕਾ ਦੇ ਈ ਪੀ -3 ਨਿਗਰਾਨੀ ਜਹਾਜ਼ ਅਤੇ ਚੀਨੀ ਸਮੁੰਦਰੀ ਜਹਾਜ਼ ਦੇ ਇੱਕ ਜਹਾਜ਼ ਵਿਚਾਲੇ ਸਾਲ 2001 ਵਿੱਚ ਟੱਕਰ ਹੋ ਜਾਣ ਨਾਲ ਚੀਨੀ ਪਾਇਲਟ ਦੀ ਮੌਤ ਹੋ ਗਈ ਸੀ। ਇਸ ਪਿੱਛੋਂ ਚੀਨ ਨੇ ਅਮਰੀਕੀ ਜਹਾਜ਼ ਦੀ ਚਾਲਕ ਟੀਮ ਨੂੰ 10 ਦਿਨ ਹਿਰਾਸਤ ਵਿੱਚ ਰੱਖਿਆ ਸੀ। ਆਸਟ੍ਰੇਲੀਆ ਅਤੇ ਚੀਨ ਦਰਮਿਆਨ ਸੰਬੰਧ ਪਿਛਲੇ ਕਈ ਸਾਲਾਂ ਤੋਂ ਬਹੁਤ ਖ਼ਰਾਬ ਹਨ।

## ਚੀਨ ਨੇ ਪੁਲਾੜ ਸਟੇਸ਼ਨ ਦਾ ਕੰਮ ਪੂਰਾ ਕਰਨ ਲਈ ਟੀਮ ਭੇਜੀ

ਬੀਜਿੰਗ, 6 ਜੂਨ (ਪੋਸਟ ਬਿਊਰੋ)- ਚੀਨ ਨੇ ਧਰਤੀ ਦਾ ਚੱਕਰ ਲਾ ਰਹੇ ਆਪਣੇ ਪੁਲਾੜ ਸਟੇਸ਼ਨ ਦਾ ਨਿਰਮਾਣ ਕਾਰਜ ਪੂਰਾ ਕਰਨ ਦੇ ਉਦੇਸ਼ ਨਾਲ ਤਿੰਨ ਪੁਲਾੜ ਯਾਤਰੀਆਂ ਦੀ ਟੀਮ ਨੂੰ ਛੇ ਮਹੀਨੇ ਦੇ ਮਿਸ਼ਨ ਉੱਤੇ ਕੱਲ੍ਹ ਸਫਲਤਾਪੂਰਵਕ ਪੁਲਾੜ ਵਿੱਚ ਭੇਜਿਆ। ਪੁਲਾੜ ਯਾਤਰੀਆਂ ਚੇਨ ਡੋਂਗ, ਲਿਯੂ ਯਾਂਗ ਅਤੇ ਕਾਈ ਸ਼ੁਝੇ ਦੇ ਨਾਲ ਸ਼ੇਨਝੋਉ-14 ਪੁਲਾੜ ਗੱਡੀ ਨੂੰ ਉਤਰ ਪੱਛਮੀ ਕੰਟਰੋਲ ਰੂਮ ਦੇ ਅਧਿਕਾਰੀ ਨੇ ਮਿਸ਼ਨ ਨੂੰ ਸਫਲ ਐਲਾਨ ਕੀਤਾ ਅਤੇ ਦੱਸਿਆ ਕਿ ਪੁਲਾੜ ਗੱਡੀ ਆਪਣੀ ਤੈਅ ਸ਼੍ਰੇਣੀ ਵਿੱਚ ਪੁੱਜ ਗਈ ਹੈ।ਤਿਯਾਨਯੋਂਗ ਪੁਲਾੜ ਸਟੇਸ਼ਨ ਦੇ ਨਿਰਮਾਣ ਕਾਰਜ ਨੂੰ ਪੂਰਾ ਕਰਨ ਲਈ ਤਿੰਨੋਂ ਪੁਲਾੜ ਯਾਤਰੀ ਗਰਾਊਂਡ ਟੀਮ (ਧਰਤੀ ਉੱਤੇ ਤਾਇਨਾਤ ਟੀਮ) ਦੇ ਨਾਲ ਸਹਿਯੋਗ ਕਰੇਗੀ। ਇਸ ਨੂੰ ਸਿੰਗਲ-ਮਾਡਿਊਲ ਬਣਤਰ ਨਾਲ ਤਿੰਨ ਮਾਡਿਊਲ ਵਾਲੀ ਇੱਕ ਰਾਸ਼ਟਰੀ ਪੁਲਾੜ ਪ੍ਰਯੋਗਸ਼ਾਲਾ ਵਿੱਚ ਵਿਕਸਿਤ ਕੀਤਾ ਜਾਵੇਗਾ, ਜਿਸ ਦਾ ਮੁੱਖ (ਕੋਰ) ਮਾਡਿਊਲ ਤਿਯਾਨਹੇ ਅਤੇ ਦੋ ਪ੍ਰਯੋਗਸ਼ਾਲਾ ਮਾਡਿਊਲ-ਵੇਂਟੀਅਨ ਅਤੇ ਮੇਂਗਟੀਅਨ ਹੋਣਗੇ। ਇਸ ਲਾਂਚਿੰਗ ਦਾ ਦੇਸ਼ ਭਰ ਵਿੱਚ ਸਿੱਧਾ ਪ੍ਰਸਾਰਣ ਕੀਤਾ ਗਿਆ।

ਇਸ ਸੰਬੰਧ ਵਿੱਚ ਚੀਨ ਦੀ ਮਨੁੱਖ ਰਹਿਤ ਪੁਲਾੜ ਏਜੰਸੀ (ਸੀ ਐਮ ਐਸ ਏ) ਦੇ ਡਿਪਟੀ ਡਾਇਰੈਕਟਰਨੇ ਕੱਲ੍ਹ ਐਲਾਨ ਕੀਤਾ ਕਿ ਇਹ ਮਿਸ਼ਨ ਪੁਲਾੜ ਸਟੇਸ਼ਨ ਨੂੰ ਰਾਸ਼ਟਰੀ ਪੁਲਾੜ ਆਬਜ਼ਰਵੇਟਰੀ ਵਿੱਚ ਬਦਲ ਦੇਵੇਗਾ। ਸ਼ੇਨਝੋਉ-14 ਤੋਂ ਭੇਜੇ ਜਾ ਰਹੇ ਪੁਲਾੜ ਯਾਤਰੀ ਕੋਰ ਮਾਡਿਊਲ ਦੇ ਨਾਲ 2 ਪ੍ਰਯੋਗਸ਼ਾਲਾ ਮਾਡਿਊਲ ਦੇ ਨਿਰਮਾਣ ਕਾਰਜ ਨੂੰ ਪੂਰਾ ਕਰਨ ਲਈ ਗਰਾਊਂਡ ਟੀਮ ਦੇ ਨਾਲ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਉਹ ਪਹਿਲੀ ਵਾਰ ਦੋ ਪ੍ਰਯੋਗਸ਼ਾਲਾ ਵਿੱਚ ਦਾਖਲ ਹੋਣਗੇ ਅਤੇ ਆਪਣੇ ਰਹਿਣ ਲਈ ਵਾਤਾਵਰਣ ਨੂੰ ਅਨੁਕੂਲ ਬਣਾਉਣਗੇ। ਪੁਲਾੜ ਸਟੇਸ਼ਨ ਬਣਾਉਣ ਲਈ ਦੂਜੀ ਵਾਰ ਪੁਲਾੜ ਯਾਤਰੀਆਂ ਨੂੰ ਭੇਜਿਆ ਗਿਆ ਹੈ।

# ਮਰੀਜ਼ ਦੀ ਮੌਤ ਉਤੇ ਹਸਪਤਾਲ ਤੇ ਡਾਕਟਰ ਨੂੰ ਵੀਹ ਲੱਖ ਮੁਆਵਜ਼ਾ ਪਿਆ

ਨਵੀਂ ਦਿੱਲੀ, 6 ਜੂਨ (ਪੋਸਟ ਬਿਊਰੋ)- ਗਲਤ ਗਰੁੱਪ ਦਾ ਖ਼ੂਨ ਚੜ੍ਹਾਉਣ ਕਾਰਨ ਹੋਈ ਮਰੀਜ਼ ਦੀ ਮੌਤ ਦੇ ਮਾਮਲੇ ਵਿੱਚ ਭਾਰਤ ਦੇ ਨੈਸ਼ਨਲ ਕਨਜ਼ਿਊਮਰ ਕਮਿਸ਼ਨ (ਐਨ ਸੀ ਡੀ ਆਰ ਸੀ) ਨੇ ਹਸਪਤਾਲ ਤੇ ਡਾਕਟਰ ਨੂੰ ਇਲਾਜ ਕਰਨ ਵਿੱਚ ਲਾਪਰਵਾਹੀ ਦਾ ਦੋਸ਼ੀ ਮੰਨ ਕੇ 20 ਲੱਖ ਰੁਪਏ ਮੁਆਵਜ਼ਾ ਪਾ ਦਿੱਤਾ ਹੈ। ਇਸ ਦੀ ਰਕਮ ਕੇਰਲ ਦੇ ਸਮਦ ਹਸਪਤਾਲ ਅਤੇ ਡਾਕਟਰ ਐਮ ਪਿੱਲਈ ਨੂੰ ਸਾਂਝੇ ਰੂਪ 'ਚ ਜਾਨ ਮ੍ਰਿਤਕ ਸਜੀਨਾ ਦੇ ਮਾਤਾ-ਪਿਤਾ ਨੂੰ ਦੇਣੀ ਹੋਵੇਗੀ। ਕਮਿਸ਼ਨ ਨੇ ਇੱਕ ਲੱਖ ਰੁਪਏ ਕੇਸ ਦਾ ਖਰਚ ਵੀ ਦੇਣ ਦਾ ਹੁਕਮ ਦਿੱਤਾ ਹੈ। ਰਕਮ ਦਾ ਭੁਗਤਾਨ ਛੇ ਹਫਤੇ ਵਿੱਚ ਕਰਨਾ ਹੋਵੇਗਾ ਤੇ ਅਜਿਹਾ ਨਾ ਹੋਣ ਉੱਤੇ ਸੱਤ ਫੀਸਦੀ ਦੀ ਦਰ ਨਾਲ ਵਿਆਜ਼ ਦੇਣਾ ਹੋਵੇਗਾ।

ਐਨ ਸੀ ਡੀ ਆਰ ਸੀ ਦੇ ਮੁਖੀ ਜਸਟਿਸ ਆਰ ਕੇ ਅਗਰਵਾਲ ਤੇ ਮੈਂਬਰ ਡਾਕਟਰ ਐਸ ਐਮ ਕਾਂਤੀਕਰ ਦੀ ਬੈਂਚ ਨੇ ਹਸਪਤਾਲ ਤੇ ਡਾਕਟਰ ਦੀ ਅਪੀਲ ਰੱਦ ਕਰ ਕੇ 25 ਮਈ ਨੂੰ ਇਹ ਫੈਸਲਾ ਦਿੱਤਾ। ਸਜੀਨਾ ਅਤੇ ਉਸ ਦੇ ਪਤੀ ਏ ਕੇ ਨਜ਼ੀਰ ਦਾ ਕੇਰਲ ਦੇ ਤਿਰੂਵਨੰਤਪੁਰਮ ਦੇ ਸਮਦ ਹਸਪਤਾਲ ਵਿੱਚ ਬਾਂਝਪਣ ਦਾ ਇਲਾਜ ਚੱਲ ਰਿਹਾ ਸੀ। ਇਸ ਦੌਰਾਨ ਸਜੀਨਾ ਦੀ ਬੱਚੇਦਾਨੀ ਵਿੱਚ ਪਾਏ ਗਏ ਫਾਇਬ੍ਰੋਇਡ ਨੂੰ ਕੱਢਣ ਲਈ ਇੱਕ ਅਗਸਤ 2002 ਨੂੰ ਆਪਰੇਸ਼ਨ ਹੋਇਆ ਸੀ। ਡਾਕਟਰ ਪਿੱਲਈ ਦੇ ਕਹਿਣ ਉੱਤੇ ਸਜੀਨਾ ਨੂੰ ਖ਼ੂਨ ਚੜ੍ਹਾਇਆ ਗਿਆ ਤਾਂ ਤਬੀਅਤ ਵਿਗੜ ਗਈ। ਦੋਸ਼ ਸੀ ਕਿ ਸਜੀਨਾ ਨੂੰ ਗਲਤ ਗਰੁੱਪ ਦਾ ਖ਼ੂਨ ਚੜ੍ਹਾ ਦਿੱਤਾ ਗਿਆ। ਉਸ ਦਾ ਖ਼ੂਨ ਓ ਪਾਜ਼ੀਟਿਵ ਸੀ ਅਤੇ ਬੀ ਪਾਜ਼ੀਟਿਵ ਗਰੁੱਪ ਦਾ ਖ਼ੂਨ ਚੜ੍ਹਾ ਦਿੱਤਾ ਜਾਣ ਨਾਲ 28 ਸਾਲਾ ਸਜੀਨਾ ਦੀ ਮੌਤ ਹੋ ਗਈ ਸੀ।ਇਲਾਜ ਵਿੱਚ ਲਾਪਰਵਾਹੀ ਉੱਤੇ ਸਜੀਨਾ ਦੇ ਘਰਦਿਆਂ ਨੇ ਕੇਰਲ ਦੇ ਰਾਜ ਖਪਤਕਾਰ ਵਿਵਾਦ ਨਿਵਾਰਨ ਕਮਿਸ਼ਨ ਕੋਲ ਸ਼ਿਕਾਇਤ ਕਰ ਕੇ 45 ਲੱਖ ਰੁਪਏ ਮੁਆਵਜ਼ਾ ਮੰਗਿਆ ਸੀ। ਰਾਜ ਕਮਿਸ਼ਨ ਨੇ 9,33,000 ਰੁਪਏ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ। ਇਸ ਦੇ ਖਿਲਾਫ ਹਸਪਤਾਲ ਤੇ ਡਾਕਟਰ ਨੇ ਐਨ ਸੀ ਡੀ ਆਰ ਸੀ ਵਿੱਚ ਅਪੀਲ ਕੀਤੀ ਤਾਂ ਐਨ ਸੀ ਡੀ ਆਰ ਸੀ ਨੇ ਫੈਸਲੇ ਵਿੱਚ ਕਿਹਾ ਕਿ ਸਜੀਨਾ ਦੀ ਮੌਤ ਗਲਤ ਖ਼ੂਨ ਚੜ੍ਹਾਉਣ ਕਾਰਨ ਹੋਈ ਹੈ। ਨੈਸ਼ਨਲ ਕਮਿਸ਼ਨ ਨੇ ਕਿਹਾ ਕਿ ਰਾਜ ਕਮਿਸ਼ਨ ਨੇ ਮੁਆਵਜ਼ਾ ਤੈਅ ਕਰਨ ਵਿੱਚ ਗਲਤੀ ਕੀਤੀ ਹੈ, ਇਸ ਲਈ ਮੁਆਵਜ਼ਾ ਵਧਾ ਕੇ ਵੀਹ ਲੱਖ ਰੁਪਏ ਕਰ ਦਿੱਤਾ ਗਿਆ। ਸਜੀਨਾ ਦੇ ਪਤੀ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ, ਇਸ ਲਈ ਮੁਆਵਜ਼ੇ ਦੀ ਰਕਮ ਸਜੀਨਾ ਦੇ ਮਾਤਾ ਪਿਤਾ ਨੂੰ ਮਿਲੇਗੀ।

**ਸੰਜੇ ਰਾਊਤ ਨੇ ਕਿਹਾ:**

## ਕਸ਼ਮੀਰ ਵਿੱਚ ਕਤਲ ਹੁੰਦੇ ਨੇ, ਭਾਜਪਾ ਤਾਜ ਮਹਿਲ ਤੇ ਗਿਆਨਵਾਪੀ ਵਿੱਚ ਸ਼ਿਵਲਿੰਗ ਲੱਭ ਰਹੀ ਹੈ



ਮੁੰਬਈ, 6 ਜੂਨ (ਪੋਸਟ ਬਿਊਰੋ)- ਸ਼ਿਵ ਸੈਨਾ ਪਾਰਲੀਮੈਂਟਮੈਂਬਰ ਸੰਜੇ ਰਾਊਤ ਨੇ ਭਾਰਤ ਵਿੱਚ ਸੱਤਾਧਾਰੀ ਭਾਜਪਾ ਦੀ ਆਲੋਚਨਾ ਕਰਦੇ ਹੋਏ ਦਾਅਵਾ ਕੀਤਾ ਕਿ ਪਾਰਟੀ ਜੰਮੂ-ਕਸ਼ਮੀਰ ਵਿੱਚ 'ਕਸ਼ਮੀਰੀ ਪੰਡਤਾਂ ਅਤੇ ਮੁਸਲਿਮ ਸੁਰੱਖਿਆਮੁਲਾਜ਼ਮਾਂ ਦੇ ਟਾਰਗੇਟ ਕਤਲਾਂ' ਦੌਰਾਨ ਭਾਜਪਾ ਕੁਝ ਫ਼ਿਲਮਾਂ ਦੇ ਪ੍ਰਚਾਰ ਵਿੱਚ ਰੁੱਝੀ ਹੈ।

ਸੰਜੇ ਰਾਊਤ ਨੇ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ ਕਸ਼ਮੀਰ ਘਾਟੀ ਦੀ ਸੁਰੱਖਿਆ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਉਨ੍ਹਾਂ ਕਿਹਾ,''ਕੀ ਸਰਜੀਕਲ ਸਟ੍ਰਾਈਕ ਨਾਲ ਕਸ਼ਮੀਰੀ ਪੰਡਤਾਂਵਿਰੁੱਧ ਅਤਿਆਚਾਰ ਬੰਦ ਹੋ ਗਿਆ। ਇਹ ਤਾਂ ਹੋਰ ਵਧ ਗਿਆ।''ਸ਼ਿਵ ਸੈਨਾ ਦੇ ਮੁੱਖ ਬੁਲਾਰੇ ਨੇ ਕਿਹਾ,''ਹਿੰਦੂਆਂ ਅਤੇ ਕਸ਼ਮੀਰੀ ਪੰਡਤਾਂ ਦੇ ਨਾਲ ਸੁਰੱਖਿਆ ਮੁਲਾਜ਼ਮਾਂ ਦੇ ਵੀ ਟਾਰਗੇਟ ਕਤਲ ਕੀਤੇ ਗਏ, ਕਿਉਂਕਿ ਦੇਸ਼ ਵਿੱਚ ਭਾਜਪਾ 'ਦਿ ਕਸ਼ਮੀਰ ਫ਼ਾਈਲਜ਼' ਅਤੇ 'ਸਮਰਾਟ ਪ੍ਰਥਵੀਰਾਜ' ਵਰਗੀਆਂ ਫ਼ਿਲਮਾਂ ਦੇ ਪ੍ਰਚਾਰ ਵਿੱਚ ਰੁੱਝੀ ਹੈ।'' ਸੰਜੇ ਰਾਊਤ ਨੇ ਕਿਹਾ,''ਭਾਜਪਾ ਆਗੂ ਇਸ ਬਾਰੇ ਕੁਝ ਨਹੀਂ ਬੋਲਦੇ, ਉਹ ਤਾਜਮਹਿਲ ਅਤੇ ਗਿਆਨਵਾਪੀ ਮਸਜਿਦ ਵਿੱਚ ਸ਼ਿਵਲਿੰਗ ਲੱਭਣਰੁੱਝੇ ਹਨ।'' ਉਨ੍ਹਾਂ ਕਿਸੇ ਵੇਰਵੇ ਦੇ ਬਿਨਾਂ ਦਾਅਵਾ ਕੀਤਾ ਕਿ ਕਸ਼ਮੀਰ ਵਿੱਚ ਸ੍ਰੀਨਗਰ ਤੋਂ ਪੁਲਵਾਮਾ ਤਕ ਘੱਟੋ ਘੱਟ 20 ਮੁਸਲਿਮ ਸੁਰੱਖਿਆ ਮੁਲਾਜ਼ਮਾਂ ਦਾ ਕਤਲ ਹੋ ਚੁੱਕਾ ਹੈ।ਉਨ੍ਹਾ ਕਿਹਾ ਕਿ 1990 ਦੇ ਦਹਾਕੇ ਵਿੱਚ ਜਦੋਂ ਘਾਟੀ ਤੋਂ ਕਸ਼ਮੀਰੀ ਪੰਡਤਾਂ ਦੀ ਪਹਿਲੀ ਹਿਜਰਤਹੋਈ ਸੀ, ਉਦੋਂ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਸੀ। ਉਨ੍ਹਾਂ ਦਾ ਇਸ਼ਾਰਾ ਵੀ ਪੀ ਸਿੰਘ ਦੀ ਅਗਵਾਈ ਵਾਲੀ ਤਤਕਾਲੀ ਕੇਂਦਰ ਸਰਕਾਰ ਵੱਲ ਸੀ, ਜੋ ਭਾਜਪਾ ਦੇ ਸਮਰਥਨ ਨਾਲ ਸੱਤਾ ਵਿੱਚ ਸੀ।

# ਕਾਨਪੁਰ ਹਿੰਸਾ ਵਿਚ ਪੰਜ ਹੋਰ ਦੋਸ਼ੀ ਗ੍ਰਿਫਤਾਰ, ਜਾਂਚ ਲਈ ਵਿਸ਼ੇਸ਼ ਟੀਮ ਬਣਾਈ



ਕਾਨਪੁਰ (ਯੂ ਪੀ), 6 ਜੂਨ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਪੁਲਸ ਨੇ ਕਾਨਪੁਰ ਹਿੰਸਾ ਨਾਲ ਜੁੜੇ ਕੇਸ ਵਿੱਚ ਪੰਜ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਅੱਜ ਤਕ ਇਸ ਕੇਸ ਵਿੱਚ ਕੁੱਲ 29 ਜਣੇ ਫੜੇ ਜਾ ਚੁੱਕੇ ਹਨ। ਇਸ ਦੌਰਾਨ ਪੁਲਸ ਨੇ ਜਾਂਚ ਲਈ ਐੱਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਬਣਾ ਦਿੱਤੀ ਹੈ।

ਕਾਨਪੁਰ ਪੁਲਸ ਦੇ ਇੱਕ ਪੁਲਸ ਅਧਿਕਾਰੀ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਲੋਕਾਂ ਵਿੱਚ ਮੁੱਖ ਦੋਸ਼ੀ ਹਯਾਤ ਜ਼ਫਰ ਹਾਸ਼ਮੀ ਸ਼ਾਮਲ ਹੈ, ਜਿਸ ਨੂੰ ਮੈਜਿਸਟਰੇਟ ਕੋਲ ਪੇਸ਼ ਕਰ ਕੇ 14 ਦਿਨਾਂ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਵਰਨਣ ਯੋਗ ਹੈ ਕਿ ਭਾਜਪਾ ਦੀ ਬੁਲਾਰਾ ਨੂਪੁਰ ਸ਼ਰਮਾ ਵੱਲੋਂ ਟੀ ਵੀ ਡਿਬੇਟ ਵਿੱਚ ਪੈਗੰਬਰ ਹਜ਼ਰਤ ਮੁਹੰਮਦ ਦੇ ਖਿਲਾਫ ਦਿੱਤੇ ਅਪਮਾਨਜਨਕ ਬਿਆਨ ਮਗਰੋਂ ਕੁਝ ਲੋਕਾਂ ਨੇ ਜਬਰੀ ਦੁਕਾਨਾਂ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਤਾਂ ਸ਼ਹਿਰ ਦੇ ਪਾਰੇਡ, ਨਈ ਸੜਕ ਅਤੇ ਯਤੀਮਖਾਨਾ ਖੇਤਰਾਂ ਵਿੱਚ ਹਿੰਸਾ ਭੜਕ ਗਈ ਸੀ। ਇਸ ਬਾਰੇ ਡੀ ਸੀ ਪੀ (ਪੂਰਬੀ) ਨੇ ਕਿਹਾ ਕਿ ਕੱਲ੍ਹ ਪੰਜ ਹੋਰ ਗ੍ਰਿਫਤਾਰੀਆਂ ਨਾਲ ਇਸ ਕੇਸ ਵਿੱਚ ਗ੍ਰਿਫਤਾਰ ਲੋਕਾਂ ਦੀ ਗਿਣਤੀ 29 ਹੋ ਗਈ ਹੈ, ਜਦੋਂ ਕਿ 100 ਤੋਂ ਵੱਧ ਲੋਕਾਂ ਦੀ ਪਛਾਣ ਕੀਤੀ ਗਈ ਹੈ। ਕਾਨਪੁਰ ਦੇ ਪੁਲਸ ਕਮਿਸ਼ਨਰ ਨੇ ਕਿਹਾ ਕਿ ਘਟਨਾ ਦੀ ਢੁੱਕਵੀਂ ਜਾਂਚ ਲਈ ਐੱਸ ਆਈ ਟੀ ਬਣਾਈ ਹੈ, ਜਿਸ ਨੂੰ ਫਿਰਕੂ ਤਣਾਅ ਭੜਕਾਉਣ ਵਾਲਿਆਂ ਦੀ ਪਛਾਣ ਕਰਨ ਲਈ ਕਿਹਾ ਹੈ। ਮੀਣਾ ਨੇ ਕਿਹਾ, ''ਅਸੀਂ ਜਾਂਚ ਕਰਾਂਗੇ ਕਿ ਕੀ ਉਨ੍ਹਾਂ (ਦੋਸ਼ੀਆਂ) ਦੇ ਪੀ ਐਫ ਆਈ (ਪਾਪੂਲਰ ਫਰੰਟ ਆਫ ਇੰਡੀਆ), ਜਿਸ ਨੇ ਮਨੀਪੁਰ ਅਤੇ ਪੱਛਮੀ ਬੰਗਾਲ ਵਿੱਚ ਉਸੇ ਦਿਨ ਦੁਕਾਨਾਂ ਬੰਦ ਕਰਨ ਦਾ ਸੱਦਾ ਦਿੱਤਾ ਸੀ, ਨਾਲ ਕੋਈ ਸੰਬੰਧ ਹਨ।'' ਉਨ੍ਹਾ ਕਿਹਾ, ''ਹਯਾਤ ਜ਼ਫਰ ਹਾਸ਼ਮੀ ਦੇ ਟਿਕਾਣਿਆਂ ਉੱਤੇ ਮਾਰੇ ਛਾਪਿਆਂ ਦੌਰਾਨ ਸੋਸ਼ਲ ਡੈਮੋਕਰੇਟਿਕ ਪਾਰਟੀ ਆਫ ਇੰਡੀਆ ਤੇ ਕੈਂਪਸ ਫਰੰਟ ਆਫ ਇੰਡੀਆ ਨਾਲ ਜੁੜੇ ਦਸਤਵੇਜ਼ ਮਿਲੇ ਸਨ।''

## ਬਾਇਡੇਨ ਜੋੜੇ ਦੀ ਸੁਰੱਖਿਆ ਵਿੱਚ ਸੰਨ੍ਹ, ਛੋਟਾ ਜਹਾਜ਼ ਡੈਲਾਵੇਅਰ ਦੇ ਪਾਬੰਦੀਸ਼ੁਦਾ ਹਵਾਈ ਖੇਤਰ ਵਿੱਚ ਦਾਖਲ



ਵਾਸ਼ਿੰਗਟਨ, 6 ਜੂਨ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਅਤੇ ਫਸਟ ਲੇਡੀ ਜਿਲ ਬਾਇਡੇਨ ਨੂੰ ਬੀਤੇ ਦਿਨ ਨੇੜਲੇ ਪਾਬੰਦੀਸ਼ੁਦਾ ਹਵਾਈ ਖੇਤਰ ਵਿੱਚ ਛੋਟਾ ਜਹਾਜ਼ ਦਾਖਲ ਹੋਣ ਮਗਰੋਂ ਡੈਲਾਵੇਅਰ ਸੂਬੇ ਵਿੱਚ ਰੈਹੋਬੋਥ ਬੀਚ ਵਿਚਲੇ ਬੀਚ ਹਾਊਸ ਵਿੱਚੋਂ ਥੋੜ੍ਹੇ ਸਮੇਂ ਲਈ ਬਾਹਰ ਕੱਢਣਾ ਪਿਆ ਹੈ।

ਸਿਨਹੂਆ ਖਬਰ ਏਜੰਸੀ ਨੇ ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਦੇ ਹਵਾਲੇ ਨਾਲ ਕਿਹਾ, ''ਇੱਕ ਛੋਟਾ ਜਹਾਜ਼ ਸ਼ਾਇਦ ਗਲਤੀ ਨਾਲ ਪਾਬੰਦੀਸ਼ੁਦਾ ਹਵਾਈ ਖੇਤਰ ਵਿੱਚ ਦਾਖਲ ਹੋ ਗਿਆ। ਚੌਕਸੀ ਵਜੋਂ ਸਾਰੇ ਪੱਕੇ ਪ੍ਰਬੰਧ ਕੀਤੇ ਗਏ ਹਨ।'' ਅਧਿਕਾਰੀ ਨੇ ਕਿਹਾ, ''ਰਾਸ਼ਟਰਪਤੀ ਜਾਂ ਉਨ੍ਹਾਂ ਦੇ ਪਰਵਾਰ ਨੂੰ ਖਤਰਾ ਨਹੀਂ। ਉਹ ਆਪਣੀ ਰਿਹਾਇਸ਼ ਉੱਤੇ ਮੁੜ ਆਏ ਹਨ।'' ਅਮਰੀਕੀ ਖੁਫੀਆ ਸੇਵਾ ਦੇ ਬੁਲਾਰੇ ਨੇ ਕੱਲ੍ਹ ਦੁਪਹਿਰੇ ਕਿਹਾ ਕਿ ਨਿੱਜੀ ਮਾਲਕੀ ਵਾਲਾ ਜਹਾਜ਼ ਰੈਹੋਬੋਥ ਡੈਲਾਵੇਅਰ ਦੇ ਉਪਰ ਪਾਬੰਦੀਸ਼ੁਦਾ ਹਵਾਈ ਖੇਤਰ ਵਿੱਚ ਸ਼ਾਇਦ ਗਲਤੀ ਨਾਲ ਆਇਆ ਸੀ। ਉਸ ਨੇ ਕਿਹਾ, ''ਜਹਾਜ਼ ਨੂੰ ਫੌਰੀ ਪਾਬੰਦੀਸ਼ੁਦਾ ਹਵਾਈ ਖੇਤਰ ਵਿੱਚੋਂ ਕੱਢਿਆ ਗਿਆ। ਸ਼ੁਰੂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਜਹਾਜ਼ ਦੇ ਪਾਇਲਟ ਉਚਿਤ ਰੇਡੀਓ ਚੈਨਲ ਉੱਤੇ ਨਹੀਂ ਸੀ ਤੇ ਉਹ ਨੋਟਾਮਸ (ਨੋਟਿਸ ਟੂ ਏਅਰਮੈਨ) ਦੀ ਪਾਲਣਾ ਵੀ ਨਹੀਂ ਕਰ ਰਿਹਾ ਸੀ।'' ਖੁਫੀਆ ਵਿੰਗ ਵੱਲੋਂ ਪਾਇਲਟ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਬਾਇਡੇਨ ਕੱਲ੍ਹ ਵ੍ਹਾਈਟ ਹਾਊਸ ਪਰਤ ਜਾਣਗੇ।

# ਘੱਲੂਘਾਰੇ ਦੀ 38ਵੀ ਸ਼ਹੀਦੀ ਸਮਾਗਮ ਰਾਹੀਂ ਸ਼ਹੀਦਾਂ ਨੂੰ ਦਿੱਤੀ ਗਈ ਸ਼ਰਧਾਂਜਲੀ

## *ਦਮਦਮੀ ਟਕਸਾਲ ਦੇ ਹੈੱਡ ਕੁਆਟਰ ਵਿਖੇ ਸੰਗਤਾਂ ਦਾ ਆਪਮੁਹਾਰੇ ਉਮੜਿਆ ਜਨ ਸੈਲਾਬ * ਜੂਨ '84 ਦੇ ਘੱਲੂਘਾਰੇ ਨੂੰ ਅਸੀਂ ਨਹੀਂ ਭੁੱਲਾ ਸਕਦੇ, ਜਿਸ ਦਿਨ ਭੁੱਲਾ ਦਿਆਂਗੇ ਦੁਨੀਆ ਚ ਸਿੱਖਾਂ ਦੀ ਹਸਤੀ ਮਿਟ ਜਾਵੇਗੀ : ਦਮਦਮੀ ਟਕਸਾਲ ਮੁਖੀ

ਮਹਿਤਾ ਚੌਕ, 6 ਜੂਨ (ਪੋਸਟ ਬਿਊਰੋ)- ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਜੂਨ '84 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਪਾਵਨ ਯਾਦ ਨੂੰ ਸਮਰਪਿਤ 38ਵਾਂ ਮਹਾਨ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰ ਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਯੋਗ ਅਗਵਾਈ ਵਿਚ ਪੂਰੀ ਸ਼ਰਧਾ ਭਾਵਨਾ, ਉਤਸ਼ਾਹ ਅਤੇ ਚੜ੍ਹਦੀਕਲਾ ਨਾਲ ਮਨਾਇਆ ਗਿਆ। ਅੱਜ ਵੀ ਸ਼ਹੀਦੀ ਸਮਾਗਮ ਵਿਚ ਧਾਰਮਿਕ ਅਤੇ ਸਿਆਸੀ ਸ਼ਖ਼ਸੀਅਤਾਂ ਤੋਂ ਇਲਾਵਾ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਵੱਲੋਂ ਆਪ ਮੁਹਾਰੇ ਸ਼ਮੂਲੀਅਤ ਕਰਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਮੁਖਵਾਕ ਦੀ ਕਥਾ ਦੌਰਾਨ ਜੂਨ '84 ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸਿੱਖ ਕੌਮ ਦੀ ਆਨ ਸ਼ਾਨ ਤੇ ਗੁਰਧਾਮਾਂ ਦੀ ਰਾਖੀ ਲਈ ਆਪਾ ਵਾਰ ਗਏ ਸ਼ਹੀਦ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ



ਸਟੂਡੈਂਟਸ ਫੈਡਰੇਸ਼ਨ, ਜਥੇਦਾਰ ਬਾਬਾ ਠਾਹਰਾ ਸਿੰਘ, ਜਨਰਲ ਸਰਦਾਰ ਸ਼ਾਬੇਗ ਸਿੰਘ ਆਦਿ ਨੇ ਸਿੱਖ ਕੌਮ ਨੂੰ ਆਪਣੇ ਹੱਕਾਂ ਲਈ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਜੂਨ ਚੁਰਾਸੀ ਦੇ ਘੱਲੂਘਾਰੇ ਨੂੰ ਅਸੀਂ ਨਹੀਂ ਭੁੱਲਾ ਸਕਦੇ। ਜਿਸ ਦਿਨ ਭੁੱਲਾ ਦਿਆਂਗੇ ਦੁਨੀਆ ਚ ਸਿੱਖਾਂ ਦੀ ਹਸਤੀ ਮਿਟ ਜਾਵੇਗੀ।

ਇਸ ਪੰਥਕ ਇਕੱਠ ਮੌਕੇ ਕੌਮ ਖ਼ਾਤਰ ਲੰਮੀਆਂ ਜੇਲ੍ਹਾਂ ਕੱਟਣ ਵਾਲੇ 13 ਬੰਦੀ ਸਿੰਘਾਂ ਨੂੰ ਬੰਦੀ ਸਿੰਘ ਕੌਮੀ



ਯੋਧਾ ਅਵਾਰਡ ਗੋਲਡ ਮੈਡਲ ਅਤੇ ਸਿਰੋਪਾਉ ਨਾਲ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਅਰਜਿੰਦਰ ਸਿੰਘ ਯੂ ਕੇ, ਭਾਈ ਮਨਜੀਤ ਸਿੰਘ ਯੂ ਕੇ, ਭਾਈ ਲਾਲ ਸਿੰਘ, ਭਾਈ ਦਇਆ ਸਿੰਘ ਲਾਹੌਰੀਆ, ਭਾਈ ਹਰਨੇਕ ਸਿੰਘ ਭੱਪ ਨੇ ਖ਼ੁਦ ਅਤੇ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪ੍ਰਮਜੀਤ ਸਿੰਘ ਭਿਓਰਾ, ਭਾਈ ਗੁਰਮੀਤ ਸਿੰਘ, ਭਾਈ ਗੁਰਦੀਪ ਸਿੰਘ ਖੈੜਾ, ਭਾਈ ਲਖਵਿੰਦਰ ਸਿੰਘ, ਭਾਈ ਸ਼ਮਸ਼ੇਰ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਅਵਾਰਡ ਹਾਸਲ ਕੀਤੇ ਗਏ। ਇਸ ਮੌਕੇ ਦਮਦਮੀ ਟਕਸਾਲ ਵੱਲੋਂ ਇਸ ਸਾਲ ਕੌਮੀ ਸੇਵਾ ਐਵਾਰਡ ਨਾਲ ਭਾਈ ਗੁਰ ਇਕਬਾਲ ਸਿੰਘ ਜੀ ਮੁਖੀ, ਬੀਬੀ ਕੌਲਾਂ ਭਲਾਈ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਨਿਵਾਜਿਆ ਗਿਆ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਪੰਥ ਦੀਆਂ ਧਾਰਮਿਕ ਤੇ ਰਾਜਨੀਤਕ ਹਸਤੀਆਂ ਨੂੰ ਕੌਮ ਦੀ ਸੇਵਾ 'ਚ ਕਿਰਦਾਰਕੁਸ਼ੀ ਦੀ ਪ੍ਰਵਾਹ ਨਾ ਕਰਨ ਲਈ ਕਹਾ। ਉਨ੍ਹਾਂ ਕਹਾ ਕਿ ਸ਼ਸਤਰ ਵਿੱਦਿਆ ਸਿੱਖਾਂ ਦਾ ਹੀ ਨਹੀਂ ਭਾਰਤੀ ਸੰਸਕ੍ਰਿਤੀ ਦਾ ਵੀ ਅਨਿੱਖੜਵਾਂ ਹਿੱਸਾ ਹੈ। ਉਨ੍ਹਾਂ ਜ਼ੋਰ ਦੇ ਕੇ ਕਹਾ ਕਿ ਭਾਰਤੀਆਂ ਨੇ ਸ਼ਸਤਰ ਨਾ ਤਿਆਗੇ ਹੁੰਦੇ ਤਾਂ ਮੰਦਰਾਂ ਦੀ ਲੁੱਟ ਨਹੀਂ ਸੀ ਹੋਣੀ। ਉਹਨਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਨਿਜਾਤ ਦਿਵਾਉਣ ਲਈ ਅਕੈਡਮੀਆਂ ਤੇ ਸੰਸਥਾਵਾਂ ਵਿਚ ਸ਼ਸਤਰ ਵਿੱਦਿਆ ਦੇਣ ਅਤੇ ਦੇਸ਼ ਵਿਦੇਸ਼ ਦੀਆਂ ਖੇਡਾਂ ਵਿੱਚ ਜਿੱਤਾਂ ਦਰਜ਼ ਕਰਨ ਲਈ ਸ਼ੂਟਿੰਗ ਰੇਜ਼ ਸਥਾਪਿਤ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਉਨ੍ਹਾਂ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਪੰਥ ਨੂੰ ਇਕ ਲੜੀ 'ਚ ਪਰੋਣ ਲਈ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ



647-998-7500 ਬਲਵਿੰਦਰ

# ਬਰਫ ਪਿਘਲਣ ਨਾਲ 3000 ਸਾਲ ਪੁਰਾਣਾ ਬੂਟ ਮਿਲਿਆ

ਲੰਡਨ, 6 ਜੂਨ (ਪੋਸਟ ਬਿਊਰੋ)- ਨਾਰਵੇ ਵਿੱਚ ਮਿਲਿਆ ਦੁਨੀਆ ਦਾ ਸਭ ਤੋਂ ਪੁਰਾਣਾ ਬੂਟ, ਕਰੀਬ 3000 ਸਾਲ ਪੁਰਾਣਾ ਹੈ। ਇਸ ਨੂੰ ਕਾਂਸੇ ਯੁੱਗ ਦਾ ਦੱਸਿਆ ਜਾ ਰਿਹਾ ਹੈ।

ਇਸ ਬਾਰੇ ਨਾਰਵੇ ਦੀ ਸਾਇੰਸ ਐਂਡ ਟੈਕਨਾਲੋਜੀ ਯੂਨੀਵਰਸਿਟੀ ਦੀ ਰਿਪੋਰਟ ਮੁਤਾਬਕ ਇਹ ਬੂਟ ਉਨ੍ਹਾਂ ਹਜ਼ਾਰਾਂ ਪ੍ਰਾਚੀਨ ਕਲਾਤਮਕ ਚੀਜ਼ਾਂ ਵਿੱਚੋਂ ਇੱਕ ਹੈ, ਜੋ ਪਿਛਲੇ ਦੋ ਦਹਾਕਿਆਂ ਤੋਂ ਪਹਾੜੀਆਂ ਉੱਤੇ ਜੰਮੀ ਬਰਫ ਪਿਘਲਣ ਉੱਤੇਮਿਲੀਆਂਹਨ। ਇਹ ਪ੍ਰਾਚੀਨ ਬੂਟ, ਅਸਲ ਵਿੱਚ 2007 ਵਿੱਚ ਦੱਖਣੀ ਨਾਰਵੇ ਦੇ ਜੋਤੁਨਹੇਮੇਨ ਦੇ ਪਹਾੜੀ



ਇਲਾਕੇ ਵਿੱਚ ਲੱਭਿਆ ਗਿਆ ਸੀ। ਇਹ ਚਮੜੇ ਦਾ ਛੋਟਾ ਜਿਹਾ ਬੂਟ ਕਿਸੇ ਔਰਤ ਜਾਂ ਨੌਜਵਾਨ ਦਾ ਹੋ ਸਕਦਾ ਹੈ। ਇਸ ਬੂਟ ਦੇ ਨਾਲ ਕਈ ਤੀਰ ਅਤੇ ਇੱਕ ਲੱਕੜ ਦੀ ਕਹੀ ਵੀ ਮਿਲੀ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਇਲਾਕਾ ਸ਼ਿਕਾਰ ਦਾ ਇੱਕ ਅਹਿਮ ਮੈਦਾਨ ਹੋਇਆ ਕਰਦਾ ਸੀ। ਇਸ ਬੂਟ ਨੂੰ ਲੱਭਣ ਵਾਲੇ ਖੋਜਕਰਤਾ ਮੁਤਾਬਕ ਇਹ ਬੂਟ ਕਰੀਬ 1100 ਈਸਾ ਪੂਰਵ ਦਾ ਹੈ, ਜੋ ਨਾਰਵੇ ਦਾ ਸਭ ਤੋਂ ਪੁਰਾਣਾ ਬੂਟ ਹੋ ਸਕਦਾ ਹੈ। ਐਸੀਡਿਕ ਮਿੱਟੀ ਵਿੱਚ ਜਾਂ ਵੱਡੇ ਗਲੇਸ਼ੀਅਰਾਂ ਦੇ ਹੇਠਾਂ ਦੱਬੀਆਂ ਚੀਜ਼ਾਂ ਤੋਂ ਉਲਟ ਨਾਰਵੇ ਦੀਆਂ ਪਹਾੜੀਆਂ ਉੱਤੇ ਬਰਫ ਦੇ ਪੈਚ ਤੋਂ ਮਿਲੀਆਂ ਚੀਜ਼ਾਂ ਦੀ ਸਥਿਤੀ ਹਜ਼ਾਰਾਂ ਸਾਲਾਂ ਦੇ ਬਾਅਦ ਵੀ ਬਿਹਤਰ ਹੈ। ਇੱਥੇ ਹਥਿਆਰ, ਕੱਪੜੇ, ਪੌਦੇ ਅਤੇ ਜਾਨਵਰਾਂ ਦੇ ਅਵਸ਼ੇਸ਼ ਸਭ ਬਰਫ ਵਿੱਚੋਂ ਨਿਕਲੇ ਹਨ, ਜਿਸ ਤੋਂ ਨਾਰਵੇ ਦਾ ਹਜ਼ਾਰਾਂ ਸਾਲਾਂ ਦਾ ਇਤਿਹਾਸ ਸਾਹਮਣੇ ਆਇਆ ਹੈ, ਪ੍ਰੰਤੂ ਇਹ ਨਵੀਂ ਰਿਪੋਰਟ ਕਹਿੰਦੀ ਹੈ ਕਿ ਹੁਣ ਜਲਵਾਯੂ ਪਰਿਵਰਤਨ ਨਾਲ ਸਭ ਖਤਮ ਹੋ ਸਕਦਾ ਹੈ।








